SWITCH INSURANCE
AUTO, HOME & COMMERCIAL
- Commercial Vehicle Insurance
- Commercial Property Insurance
- Commercial General Liability (CGL)
- Rental Property
905-965-7474
www.SwitchInsurance.ca
7900 Hurontario St Suite 308, Brampton, ON L6Y 0P6

ਕੈਨੇਡੀਅਨ
# ਪੰਜਾਬੀ ਪੋਸਟ
*Award winning news paper* | Canadian Punjabi Post

JOSHI LAW OFFICE
Barrister, Solicitor & Notary Public
- Immigration
- Real Estate
- Commercial Law
- Affidavit
- Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

To view our online newspaper visit **punjabipost.ca/epaper** | Vol 23* Issue 40 | Monday, February 26, 2024 | Tel: 905-793-2202 | Fax: 905-793-2282 | news@punjabipost.ca | ਤੁਸੀਂ 'ਪੰਜਾਬੀ ਪੋਸਟ' *Online*ਰੋਜ਼ਾਨਾ ਪੜ੍ਹ ਸਕਦੇ ਹੋ

## ਅੱਜ ਤੋਂ ਟੀਟੀਸੀ ਰਾਈਡਰਜ਼ ਨੂੰ ਨਹੀਂ ਦੇਣਾ ਹੋਵੇਗਾ ਦੂਹਰਾ ਕਿਰਾਇਆ

ਟੋਰਾਂਟੋ, 25 ਫਰਵਰੀ (ਪੋਸਟ ਬਿਊਰੋ) : ਸੋਮਵਾਰ ਤੋਂ ਟੋਰਾਂਟੋ ਤੇ ਜੀਟੀਏ ਦੇ ਟਰਾਂਜ਼ਿਟ ਰਾਈਡਰਜ਼ ਲਈ ਦੂਹਰਾ ਕਿਰਾਇਆ ਦੇਣਾ ਬੀਤੇ ਸਮੇਂ ਦੀ ਗੱਲ ਹੋ ਜਾਵੇਗੀ।

26 ਫਰਵਰੀ ਤੋਂ ਸ਼ੁਰੂ ਕਰਕੇ, ਜੇ ਤੁਸੀਂ ਟੀਟੀਸੀ ਤੇ ਹੋਰਨਾਂ ਜੀਟੀਏ ਟਰਾਂਜ਼ਿਟ ਏਜੰਸੀਆਂ ਦਰਮਿਆਨ ਸਫਰ ਕਰਦੇ ਹੋਏ ਟਰਾਂਸਫਰ ਕਰਦੇ ਹੋਂ ਤਾਂ ਤੁਹਾਡੇ ਤੋਂ ਸਿਰਫ ਇੱਕ ਵਾਰੀ ਹੀ ਕਿਰਾਇਆ ਵਸੂਲਿਆ ਜਾਵੇਗਾ। ਇਸ ਨਾਲ ਟੀਟੀਸੀ ਵੀ ਹੁਣ ਜੀਟੀਏ ਦੇ ਹੋਰਨਾਂ ਟਰਾਂਜ਼ਿਟ ਆਪਰੇਟਰਜ਼, ਜਿਨ੍ਹਾਂ ਵਿੱਚ ਗੋ ਟਰਾਂਜ਼ਿਟ ਤੇ ਦਰਹਾਮ, ਬਰੈਂਪਟਨ, ਮਿਸੀਸਾਗਾ ਤੇ ਯੌਰਕ ਰੀਜਨ ਦੇ ਲੋਕਲ ਟਰਾਂਜ਼ਿਟ ਭਾਈਵਾਲ ਵੀ ਸ਼ਾਮਲ ਹਨ, ਦੀ ਕਤਾਰ ਵਿੱਚ ਸ਼ਾਮਲ ਹੋ ਜਾਵੇਗੀ। ਇਹ ਸਾਰੇ ਟਰਾਂਜ਼ਿਟ ਭਾਈਵਾਲ ਦੋ ਸਾਲ ਪਹਿਲਾਂ ਹੀ ਇੱਕ ਕਿਰਾਏ ਵਾਲਾ ਸਿਸਟਮ ਲਾਗੂ ਕਰ ਚੁੱਕੇ ਹਨ।

ਟੀਟੀਸੀ ਅਨੁਸਾਰ ਯੂਪੀ ਐਕਸਪ੍ਰੈੱਸ, ਜੋ ਕਿ ਏਅਰਪੋਰਟ ਰੇਲ ਲਿੰਕ ਹੈ ਜਿਹੜਾ ਯੂਨੀਅਨ ਸਟੇਸ਼ਨ ਨੂੰ ਟੋਰਾਂਟੋ ਪੀਅਰਸਨ ਇੰਟਰਨੈਸ਼ਨਲ ਏਅਰਪੋਰਟ ਨਾਲ ਜੋੜਦਾ ਹੈ, ਨੂੰ ਇਕਹਿਰੇ ਭਾੜੇ ਵਾਲੇ ਇਸ ਪ੍ਰੋਗਰਾਮ ਨਾਲ ਨਹੀਂ ਜੋੜਿਆ ਜਾ ਸਕਦਾ ਕਿਉਂਕਿ ਇਸ



ਵਿੱਚ ਕਈ ਤਰ੍ਹਾਂ ਦੀਆਂ ਤਕਨੀਕੀ ਦਿੱਕਤਾਂ ਹਨ। ਜਦੋਂ ਇੱਕ ਸਿਸਟਮ ਤੋਂ ਦੂਜੇ ਸਿਸਟਮ ਰਾਹੀਂ ਲੋਕ ਸਫਰ ਕਰਨਗੇ ਤਾਂ ਰਾਈਡਰਜ਼ ਤੋਂ ਉਹ ਕਿਰ-ਾਇਆ ਵਸੂਲਿਆ ਜਾਵੇਗਾ ਜਿਹੜਾ ਜ਼ਿਆਦਾ ਹੋਵੇਗਾ। ਮਿਸਾਲ ਵਜੋਂ ਜਦੋਂ ਰਾਈਡਰਜ਼ ਟੀਟੀਸੀ ਤੋਂ ਕਿਸੇ ਲੋਕਲ ਟਰਾਂਜ਼ਿਟ ਸਿਸਟਮ ਰਾਹੀਂ ਸਫਰ ਕਰਨਗੇ ਤਾਂ ਉਨ੍ਹਾਂ ਤੋਂ ਟੀਟੀਸੀ ਦਾ ਕਿਰਾਇਆ ਹੀ ਲਿਆ ਜਾਵੇਗਾ ਜਦਕਿ ਟੀਟੀਸੀ ਤੋਂ ਗੋ ਟਰਾਂਜ਼ਿਟ ਦੇ ਸਫਰ ਉੱਤੇ ਜਾਣ ਵਾਲਿਆਂ ਨੂੰ ਟੀਟੀਸੀ ਦੇ ਕਿਰਾਏ ਵਿੱਚ ਛੋਟ ਮਿਲੇਗੀ।

ਲੋਕਲ ਟਰਾਂਜ਼ਿਟ ਸਿਸਟਮ ਉੱਤੇ ਟਰਿੱਪ ਸ਼ੁਰੂ ਹੋਣ ਤੋਂ ਦੋ ਘੰਟੇ ਤੱਕ ਇਹ ਟਰਾਂਸਫਰਜ਼ ਜਾਇਜ਼ ਮੰਨੀਆ ਜਾਣਗੀਆਂ ਜਦਕਿ ਗੋ ਟਰਾਂਜ਼ਿਟ ਲਈ ਤਿੰਨ ਘੰਟਿਆਂ ਵਾਸਤੇ ਇਹ ਜਾਇਜ਼ ਰਹਿਣਗੀਆਂ। ਇਸ ਅੰਦਾਜ਼ੇ ਮੁਤਾਬਕ ਇਕਹਿਰੇ ਕਿਰਾਏ ਵਾਲੇ ਇਸ ਸਿਸਟਮ ਨਾਲ ਨਿਯਮਤ ਤੌਰ ਉੱਤੇ ਟੀਟੀਸੀ ਤੇ ਗੋ ਟਰਾਂਜ਼ਿਟ ਦਰਮਿਆਨ ਸਫਰ ਕਰਨ ਵਾਲੇ ਬਾਲਗ ਨੂੰ ਸਾਲ ਦੀ 1600 ਡਾਲਰ ਦੀ ਬਚਤ ਹੋਵੇਗੀ।

## ਯੂਕਰੇਨ ਦੀ ਸਮੇਂ ਸਿਰ ਮਦਦ ਨਾ ਕਰ ਸਕਣ ਕਾਰਨ ਕੈਨੇਡਾ ਪ੍ਰੇਸ਼ਾਨ : ਬਲੇਅਰ



ਓਟਵਾ, 25 ਫਰਵਰੀ (ਪੋਸਟ ਬਿਊਰੋ) : ਰੱਖਿਆ ਮੰਤਰੀ ਬਿੱਲ ਬਲੇਅਰ ਦਾ ਕਹਿਣਾ ਹੈ ਕਿ ਉਨ੍ਹਾਂ ਵੱਲੋਂ ਯੁਕਰੇਨੀ ਸਰਕਾਰ ਤੋਂ ਇਹ ਪੁੱਛਿਆ ਗਿਆ ਹੈ ਕਿ ਕੈਨੇਡੀਅਨ ਏਅਰ ਡਿਫੈਂਸ ਸਿਸਟਮ ਸਬੰਧੀ ਡੋਨੇਸ਼ਨ ਵਿੱਚ ਅਣਮਿੱਥੇ ਸਮੇਂ ਲਈ ਹੋ ਰਹੀ ਦੇਰ ਦੇ ਚੱਲਦਿਆਂ ਉਹ ਉਨ੍ਹਾਂ ਦੀ ਮਦਦ ਕਿਵੇਂ ਕਰ ਸਕਦੇ ਹਨ।

ਪੋਲਿਸ਼ ਮਿਲਟਰੀ ਟਰੇਨਿੰਗ ਸੈਂਟਰ ਉੱਤੇ ਐਤਵਾਰ ਨੂੰ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਬਲੇਅਰ ਤੇ ਵਿੱਤ ਮੰਤਰੀ ਕ੍ਰਿਸਟੀਆ ਫਰੀਲੈਂਡ ਨੇ ਇਹ ਗੱਲ ਆਖੀ। ਇਸ ਮਿਲਟਰੀ ਟਿਕਾਣੇ ਉੱਤੇ ਕੈਨੇਡੀਅਨ ਹਥਿਆਰਬੰਦ ਸੈਨਾਵਾਂ ਯੁਕਰੇਨੀ ਮਿਲਟਰੀ ਕਰਮਚਾਰੀਆਂ ਨੂੰ ਟਰੇਨਿੰਗ ਦੇ ਰਹੀਆਂ ਹਨ। ਪੱਤਰਕਾਰਾਂ ਵੱਲੋਂ ਰੱਖਿਆ ਮੰਤਰੀ ਤੋਂ ਇਹ ਪੁੱਛਿਆ ਗਿਆ ਸੀ ਕਿ ਕੈਨੇਡਾ ਨੇ ਇੱਕ ਸਾਲ ਤੋਂ ਵੀ ਵੱਧ ਸਮਾਂ ਪਹਿਲਾਂ ਏਅਰ ਡਿਫੈਂਸ ਸਿਸਟਮ ਯੂਕਰੇਨ ਨੂੰ ਡਲਿਵਰ ਕਰਨ ਦਾ ਤਹੱਈਆ ਪ੍ਰਗਟਾਇਆ ਸੀ ਪਰ ਇਸ ਪਾਸੇ ਕੋਈ ਹਿੱਲਜੁਲ ਨਹੀਂ ਹੋ ਰਹੀ।

> ਇੱਕ ਪਾਸੇ ਜਿੱਥੇ ਬਲੇਅਰ ਤੇ ਫਰੀਲੈਂਡ ਪੋਲਿਸ਼ ਮਿਲਟਰੀ ਟਿਕਾਣੇ ਦਾ ਦੌਰਾ ਕਰਨ ਲਈ ਪਹੁੰਚੇ ਹੋਏ ਸਨ ਉੱਥੇ ਹੀ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਅਣਐਲਾਨੇ ਦੌਰੇ ਉੱਤੇ ਸ਼ਨਿੱਚਰਵਾਰ ਨੂੰ ਯੂਕਰੇਨ ਵਿੱਚ ਸਨ। ਜਿੱਥੇ ਉਨ੍ਹਾਂ ਯੂਕਰੇਨ ਨਾਲ ਇੱਕਜੁੱਟਤਾ ਦਾ ਮੁਜ਼ਾਹਰਾ ਕੀਤਾ ਤੇ ਜੰਗ ਨਾਲ ਝੰਬੇ ਇਸ ਮੁਲਕ ਨੂੰ ਵਧੇਰੇ ਫੌਜੀ ਤੇ ਵਿੱਤੀ ਮਦਦ ਮੁਹੱਈਆ ਕਰਵਾਉਣ ਦਾ ਤਹੱਈਆ ਪ੍ਰਗਟਾਇਆ।

ਇਸ ਦੇ ਜਵਾਬ ਵਿੱਚ ਬਲੇਅਰ ਨੇ ਆਖਿਆ ਕਿ ਕੈਨੇਡਾ ਅਜੇ ਵੀ ਇਸ ਡੋਨੇਸ਼ਨ ਲਈ ਕੋਈ ਸਮਾਂ ਸੀਮਾਂ ਨਹੀਂ ਦੱਸ ਸਕਦਾ ਪਰ ਅਸੀਂ ਉਨ੍ਹਾਂ ਦੀ ਮਦਦ ਲਈ ਹੋਰ ਰਾਹ ਲੱਭ ਰਹੇ ਹਾਂ। ਇੱਥੇ ਦੱਸਣਾ ਬਣਦਾ ਹੈ ਕਿ ਕੈਨੇਡਾ ਨੇ ਜਨਵਰੀ 2023 ਵਿੱਚ ਜ਼ਮੀਨ ਤੋਂ ਹਵਾ ਵਿੱਚ ਮਾਰ ਕਰਨ ਵਾਲਾ ਮਿਜ਼ਾਈਲ ਸਿਸਟਮ, ਜਿਸ ਨੂੰ ਐਨਏਐਸਏਐਮਐਸ ਵਜੋਂ ਵੀ ਜਾਣਿਆ ਜਾਂਦਾ ਹੈ, ਯੂਕਰੇਨ ਨੂੰ ਡੋਨੇਟ ਕਰਨ ਦਾ ਐਲਾਨ ਕੀਤਾ ਸੀ। ਇਸ ਲਈ ਪਿਛਲੇ ਸਾਲ ਮਾਰਚ ਵਿੱਚ 406 ਮਿਲੀਅਨ ਡਾਲਰ ਦੀ ਰਕਮ ਵੀ ਕੈਨੇਡਾ ਵੱਲੋਂ ਅਦਾ ਕੀਤੀ ਗਈ।

## ਫਾਰਮਾਕੇਅਰ ਡੀਲ ਨਾਲ ਖਜ਼ਾਨੇ ਉੱਤੇ ਨਹੀਂ ਪਵੇਗਾ ਵਿੱਤੀ ਬੋਝ : ਫਰੀਲੈਂਡ

ਓਟਵਾ, 25 ਫਰਵਰੀ (ਪੋਸਟ ਬਿਊਰੋ) : ਵਿੱਤ ਮੰਤਰੀ ਕ੍ਰਿਸਟੀਆ ਫਰੀਲੈਂਡ ਦਾ ਕਹਿਣਾ ਹੈ ਕਿ ਫੈਡਰਲ ਸਰਕਾਰ ਐਨਡੀਪੀ ਨਾਲ ਫਾਰਮਾਕੇਅਰ ਬਾਰੇ ਕੀਤੇ ਸਮਝੌਤੇ ਨੂੰ ਅਮਲ ਵਿੱਚ ਲਿਆਉਣ ਜਾ ਰਹੀ ਹੈ ਤੇ ਇਸ ਨਾਲ ਖਜ਼ਾਨੇ ਉੱਤੇ ਕੋਈ ਵਿੱਤੀ ਬੋਝ ਨਹੀਂ ਪਵੇਗਾ।



ਸ਼ੁੱਕਰਵਾਰ ਨੂੰ ਐਨਡੀਪੀ ਵੱਲੋਂ ਇਸ ਗੱਲ ਦੀ ਪੁਸ਼ਟੀ ਕੀਤੀ ਗਈ ਕਿ ਲਿਬਰਲਾਂ ਨਾਲ ਫਾਰਮਾਕੇਅਰ ਬਾਰੇ ਹੋਈ ਡੀਲ ਨੂੰ ਅਮਲੀ ਰੂਪ ਮਿਲਣ ਵਾਲਾ ਹੈ। ਇਸ ਡੀਲ ਤਹਿਤ ਹਰ ਕੈਨੇਡੀਅਨ, ਜਿਸ ਕੋਲ ਹੈਲਥ ਕਾਰਡ ਹੈ, ਨੂੰ ਡਾਇਬਟੀਜ਼ ਦੀ ਦਵਾਈ ਤੇ ਗਰਭਨਿਰੋਧਕ ਦਵਾਈ ਮੁਫਤ ਮਿਲੇਗੀ। ਦੋਵਾਂ ਪਾਰਟੀਆਂ ਦਰਮਿਆਨ ਹੋਏ ਸਪਲਾਈ ਐਂਡ ਕੌਨਫੀਡੈਂਸ ਅਗਰੀਮੈਂਟ ਦੇ ਮਜ਼ਬੂਤ ਥੰਮ੍ਹ ਨੈਸ਼ਨਲ ਫਾਰਮਾਕੇਅਰ ਪ੍ਰੋਗਰਾਮ ਦੇ ਇੱਕ ਹਿੱਸੇ ਨੂੰ ਹਾਲ ਦੀ ਘੜੀ ਕਵਰ ਕੀਤਾ ਜਾਵੇਗਾ। ਇਸ ਸਬੰਧ ਵਿੱਚ ਇਸ ਹਫਤੇ ਬਿੱਲ ਪੇਸ਼ ਕੀਤੇ ਜਾਣ ਦੀ ਸੰਭਾਵਨਾ ਹੈ।

ਪੋਲਿਸ਼ ਮਿਲਟਰੀ ਟਿਕਾਣੇ ਉੱਤੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਫਰੀਲੈਂਡ ਨੇ ਆਖਿਆ ਕਿ ਵਿੱਤੀ ਤੌਰ ਉੱਤੇ ਜ਼ਿੰਮੇਵਾਰ ਰਹਿੰਦਿਆਂ ਉਨ੍ਹਾਂ ਦੀ ਸਰਕਾਰ ਕੈਨੇਡੀਅਨਜ਼ ਵਿੱਚ ਨਿਵੇਸ਼ ਕਰਨ ਲਈ ਵਚਨਬੱਧ ਹੈ। ਜ਼ਿਕਰਯੋਗ ਹੈ ਕਿ ਫੈਡਰਲ ਸਰਕਾਰ ਨੇ 2026-27 ਦੇ ਸ਼ੁਰੂ ਵਿੱਚ ਘਾਟੇ ਨੂੰ ਜੀਡੀਪੀ ਦਾ ਇੱਕ ਫੀ ਸਦੀ ਤੋਂ ਹੇਠਾਂ ਰੱਖਣ ਦਾ ਫੈਸਲਾ ਕੀਤਾ ਹੈ ਤੇ ਇਸ ਦੇ ਨਾਲ ਹੀ ਇਸ ਵਿੱਤੀ ਵਰ੍ਹੇ ਦੇ ਘਾਟੇ ਨੂੰ ਬਸੰਤ ਵਿੱਚ ਪੇਸ਼ ਕੀਤੇ ਬਜਟ ਵਿੱਚ ਦਰਸਾਏ ਗਏ 40•1 ਬਿਲੀਅਨ ਡਾਲਰ ਜਿੰਨਾਂ ਜਾਂ ਇਸ ਤੋਂ ਘੱਟ ਰੱਖਣ ਦਾ ਤਹੱਈਆ ਪ੍ਰਗਟਾਇਆ ਹੈ।

## ਸਬਵੇਅ ਸਟੇਸ਼ਨ ਉੱਤੇ ਚਾਕੂ ਮਾਰ ਕੇ ਵਿਅਕਤੀ ਨੂੰ ਜ਼ਖ਼ਮੀ ਕਰਨ ਵਾਲਾ 17 ਸਾਲਾ ਲੜਕਾ ਗ੍ਰਿਫਤਾਰ

ਨੌਰਥ ਯੌਰਕ, 25 ਫਰਵਰੀ (ਪੋਸਟ ਬਿਊਰੋ) : ਬਤਿ ਦਿਨੀਂ ਟੀਟੀਸੀ ਸਬਵੇਅ ਸਟੇਸ਼ਨ ਉੱਤੇ ਅਚਾਨਕ ਹੀ ਇੱਕ ਵਿਅਕਤੀ ਉੱਤੇ ਹਮਲਾ ਕਰਨ ਤੇ ਚਾਕੂ ਨਾਲ ਉਸ ਉੱਤੇ ਵਾਰ ਕਰਨ ਵਾਲੇ 17 ਸਾਲਾਂ ਦੇ ਇੱਕ ਲੜਕੇ ਨੂੰ ਗ੍ਰਿਫਤਾਰ ਤੇ ਚਾਰਜ ਕੀਤਾ ਗਿਆ ਹੈ।



15 ਫਰਵਰੀ ਨੂੰ ਛੁਰੇਬਾਜ਼ੀ ਦੀਆਂ ਖਬਰਾਂ ਦੇ ਕੇ ਸ਼ਾਮੀਂ 5:30 ਵਜੇ ਨੌਰਥ ਯੌਰਕ ਦੇ ਵਿਲਸਨ ਸਟੇਸ਼ਨ ਉੱਤੇ ਐਮਰਜੰਸੀ ਅਮਲੇ ਨੂੰ ਸੱਦਿਆ ਗਿਆ। ਪੁਲਿਸ ਨੇ ਦੱਸਿਆ ਕਿ ਇੱਕ 52 ਸਾਲਾ ਵਿਅਕਤੀ ਸਟੇਸ਼ਨ ਉੱਤੇ ਸਬਵੇਅ ਉੱਤੇ ਤੁਰਿਆ ਜਾ ਰਿਹਾ ਸੀ ਜਦੋਂ ਪਲੇਟਫਾਰਮ ਉੱਤੇ ਉਸ ਦੀ ਲੜਾਈ 14 ਸਾਲਾ ਲੜਕੀ ਤੇ 17 ਸਾਲਾ ਲੜਕੇ ਨਾਲ ਹੋ ਗਈ। ਪੁਲਿਸ ਅਨੁਸਾਰ ਉਸ ਵਿਅਕਤੀ ਉੱਤੇ ਲੜਕੇ ਵੱਲੋਂ ਹਮਲਾ ਕਰ ਦਿੱਤਾ ਗਿਆ ਤੇ ਉਸ ਉੱਤੇ ਚਾਕੂ ਨਾਲ ਵਾਰ ਵੀ ਕੀਤਾ ਗਿਆ। ਉਸ ਵਿਅਕਤੀ ਨੂੰ ਜ਼ਖ਼ਮੀ ਹਾਲਤ ਵਿੱਚ ਹਸਪਤਾਲ ਲਿਜਾਇਆ ਗਿਆ। ਲੜਕੀ ਨੂੰ ਮੌਕੇ ਉੱਤੇ ਹੀ ਗ੍ਰਿਫ਼ਤਾਰ ਕਰ ਲਿਆ ਗਿਆ ਜਦਕਿ ਲੜਕਾ ਮੌਕੇ ਤੋਂ ਫਰਾਰ ਹੋ ਗਿਆ।

ਜਾਂਚਕਾਰਾਂ ਦਾ ਮੰਨਣਾ ਹੈ ਕਿ ਇਸ ਘਟਨਾ ਦਾ ਸ਼ਿਕਾਰ ਹੋਇਆ ਵਿਅਕਤੀ ਤੇ ਮਸ਼ਕੂਕ ਇੱਕ ਦੂਜੇ ਨੂੰ ਨਹੀਂ ਜਾਣਦੇ। ਪਿਛਲੇ ਹਫਤੇ ਪੁਲਿਸ ਨੇ 14 ਸਾਲਾ ਲੜਕੀ ਨੂੰ ਹਥਿਆਰ ਨਾਲ ਹਮਲਾ ਕਰਨ ਤੇ ਗੁੱਸੇ ਨਾਲ ਹਮਲਾ ਕਰਨ ਦੇ ਮਾਮਲੇ ਵਿੱਚ ਚਾਰਜ ਕੀਤਾ ਸੀ। ਵੀਰਵਾਰ ਨੂੰ ਪੁਲਿਸ ਨੇ 17 ਸਾਲਾ ਲੜਕੇ ਨੂੰ ਟੋਰਾਂਟੋ ਤੋਂ ਗ੍ਰਿਫਤਾਰ ਕਰ ਲਿਆ। ਉਸ ਉੱਤੇ ਵੀ ਹਮਲਾ ਕਰਨ, ਗੁੱਸੇ ਨਾਲ ਹਮਲਾ ਕਰਨ ਤੇ ਹਥਿਆਰ ਨਾਲ ਹਮਲਾ ਕਰਨ ਵਰਗੇ ਚਾਰਜਿਜ਼ ਲਾਏ ਗਏ ਹਨ।

## ਗਾਜ਼ਾ 'ਚ 29 ਹਜ਼ਾਰ ਤੋਂ ਵੱਧ ਫਲਸਤੀਨੀ ਮਾਰੇ ਗਏ

ਗਾਜ਼ਾ, 25 ਫਰਵਰੀ (ਪੋਸਟ ਬਿਊਰੋ): (ਆਈ.ਏ.ਐੱਨ.ਐੱਸ.) ਇਜ਼ਰਾਈਲ ਅਤੇ ਹਮਾਸ ਵਿਚਾਲੇ ਯੁੱਧ ਜਾਰੀ ਹੈ। ਹਮਾਸ ਦੁਆਰਾ ਚਲਾਏ ਜਾ ਰਹੇ ਸਿਹਤ ਮੰਤਰਾਲੇ ਨੇ ਐਤਵਾਰ ਨੂੰ ਇੱਕ ਬਿਆਨ ਵਿੱਚ ਦੱਸਿਆ ਕਿ ਗਾਜ਼ਾ ਵਿੱਚ ਲੜਾਈ ਦੌਰਾਨ ਘੱਟ ਤੋਂ ਘੱਟ 29,692 ਫਲਸਤੀਨੀ ਮਾਰੇ ਗਏ ਹਨ ਅਤੇ 69,879 ਜ਼ਖਮੀ ਹੋਏ ਹਨ।

ਟਾਈਮਜ਼ ਆਫ਼ ਇਜ਼ਰਾਈਲ ਦੀ ਰਿਪੋਰਟ ਮੁਤਾਬਕ ਇਨ੍ਹਾਂ ਅੰਕੜਿਆਂ ਵਿੱਚ ਗਾਜ਼ਾ ਵਿੱਚ ਮਾਰੇ ਗਏ ਨਾਗਰਿਕ ਅਤੇ ਹਮਾਸ ਦੇ ਮੈਂਬਰ ਸ਼ਾਮਲ ਹਨ, ਜਿਸ ਵਿੱਚ ਅੱਤਵਾਦੀ ਸਮੂਹਾਂ ਦੇ ਆਪਣੇ ਰਾਕੇਟ ਮਿਸਫਾਇਰ ਦੇ ਨਤੀਜੇ ਵਜੋਂ ਸ਼ਾਮਲ ਹਨ।

## ਲੁਟੇਰਿਆਂ ਨੇ ਵਿਅਕਤੀ ਦੇ ਮੂੰਹ ਉੱਤੇ ਚਾਕੂ ਨਾਲ ਕੀਤਾ ਵਾਰ

ਮਿਸੀਸਾਗਾ, 25 ਫਰਵਰੀ (ਪੋਸਟ ਬਿਊਰੋ) :ਬੀਤੇ ਦਿਨੀਂ ਮਿਸੀਸਾਗਾ ਵਿੱਚ ਰਾਤ ਸਮੇਂ ਹੋਈ ਛੁਰੇਬਾਜ਼ੀ ਵਿੱਚ ਇੱਕ ਵਿਅਕਤੀ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਿਆ ਤੇ ਪੁਲਿਸ ਮਸ਼ਕੂਕਾਂ ਦੇ ਗਰੁੱਪ ਦੀ ਭਾਲ ਕਰ ਰਹੀ ਹੈ।

ਸ਼ੁੱਕਰਵਾਰ ਨੂੰ ਤੜਕੇ 1:00 ਵਜੇ ਦੇ ਨੇੜੇ ਤੇੜੇ ਐਮਰਜੰਸੀ ਅਮਲੇ ਨੂੰ ਡਿਕਸੀ ਰੋਡ ਤੇ ਡੰਡਾਸ ਸਟਰੀਟ ਇਲਾਕੇ ਵਿੱਚ ਸੱਦਿਆ ਗਿਆ। ਇੱਕ ਵਿਅਕਤੀ ਦੇ ਮੂੰਹ ਤੇ ਪਿੱਠ ਦੇ ਨਿਚਲੇ ਹਿੱਸੇ ਵਿੱਚ ਚਾਕੂ ਨਾਲ ਕੀਤੇ ਗਏ ਵਾਰਾਂ ਕਾਰਨ ਉਹ ਬੁਰੀ ਤਰ੍ਹਾਂ ਜ਼ਖ਼ਮੀ ਪਾਇਆ ਗਿਆ। ਉਸ ਨੂੰ ਗੰਭੀਰ ਹਾਲਤ ਵਿੱਚ ਹਸਪਤਾਲ ਲਿਜਾਇਆ ਗਿਆ ਜਿੱਥੇ ਪੁਲਿਸ ਨੇ ਆਖਿਆ ਕਿ ਉਸ ਦੀ ਹਾਲਤ ਸਥਿਰ ਹੈ।



ਪੀਲ ਪੁਲਿਸ ਨੇ ਦੱਸਿਆ ਕਿ ਤਿੰਨ ਮਸ਼ਕੂਕ ਉਸ ਵਿਅਕਤੀ ਕੋਲ ਪਹੁੰਚੇ ਤੇ ਉਸ ਤੋਂ ਉਸ ਦੀਆਂ ਚੀਜ਼ਾਂ ਦੀ ਮੰਗ ਕਰਨ ਲੱਗੇ। ਮਸ਼ਕੂਕਾਂ ਵੱਲੋਂ ਫਿਰ ਉਸ ਵਿਅਕਤੀ ਉੱਤੇ ਚਾਕੂ ਨਾਲ ਵਾਰ ਕੀਤੇ ਗਏ। ਮਸ਼ਕੂਕਾਂ ਬਾਰੇ ਦਿੱਤੀ ਗਈ ਜਾਣਕਾਰੀ ਅਨੁਸਾਰ ਉਹ ਦੋ ਪੁਰਸ਼ ਤੇ ਇੱਕ ਮਹਿਲਾ ਸੀ।

SUPER VISA INSURANCE EXPERTS
Punjab Insurance Inc
- Disability Insurance
- Mortgage Insurance
- Life Insurance
- Visitor & Travel Insurance
- RESP(Education Plan)
- Critical Illness Insurance
RANJIT GILL
Insurance Advisor
Ph: 416.724.5000
7003 Steeles Ave. W, Unit 10, Etobicoke, ON, M9W 0A2
gill@punjabinsurance.ca | topinsuranceservices.ca

Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
Aman Sharma
Open Saturday
25 Cherrycrest Drive, Unit # 6
Brampton, ON, L6P 3W4
Providing excellent quality legal services to our clients

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill
Certified & Licenced Exterminator

HELPING YOU PLAN TODAY...FOR TOMORROW
- Supervisa / Visitor Insurance
- Life /Mortgage/Funeral Insurance
- Disability Insurance
- Critical Illness Insurance
- RESP /RRSP
www.ufsinsurance.com
JATINDERBIR S BAJWA
Insurance Broker
Dir:647-928-4990
# 25-831 Bovarid Dr. W. Brampton, ON L6X0T9 | www.ufsinsurance.com

MagGas Medical
Brampton
MGM
MAGGAS MEDICAL INC.
Helping you breathe deep and rest easy.
- CPAP ਮਸ਼ੀਨ, ਮਾਸਕ ਅਤੇ ਸਪਲਾਈ
(647) 954-9885
20 Maritime Ont Blvd
Unit 15
Brampton, ON L6S 0C2

A-One Drivers
TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
ਲੇਡੀ ਇੰਸਟ੍ਰਕਟਰ
] ਮੁਫਤ ਪਿਕਅਪ ਅਤੇ ਡਰਾਪ ਆਫ
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ
647-998-7500 ਬਲਵਿੰਦਰ

KELLEY LAW OFFICE
- Immigration
- Real Estate
- Family Law
- Business Closing
- Corporate
- Wills & Estate
- Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਿਲਜ਼ ਐਸਟੇਟ, ਪਾਵਰ ਆਫ ਅਟੌਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ।
1200 Derry Road E, #15, Mississauga, ON L5T 0B3
Shinder Kelley
905-362-0755

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
- ਪਾਵਰ ਆਫ ਸੇਲ ਨੋਟਿਸ ?
- ਗਾਰਨਿਸ਼ਮੈਂਟ?
- ਬੈਂਕ ਵਲੋਂ ਪੈਸੇ ਦੀ ਮੰਗ ?
- ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ,
ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available 1888 864 3131
Jasbir Singh Hundal
Qualified Credit Counsellor
www.MakeMeDebtFree.ca
416-502-3100
Unit #20 - 7015 Tranmere Drive Mississauga, ON L5S 1T7

Royal Pest Control
Residential Commercial Industrial
Specialist in Bedbugs Service
All Pest Control :
- Mouse & Rats
- Spiders & Fleas
- Bedbugs
- Wasps
- Cockroaches
- Carpenter Ants
- Silver Fish
- Racoons
Call : PARESH PATEL
(Government Approved Licensed Technician)
416 938 4598

PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu
Certified & Licenced Exterminator
BED BUG MATTRESS COVER ALSO AVAILABLE
A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
AvonFinancial
Brokerage Lic. 12538
Harpreet Singh Goraya
Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

MANN LAW FIRM
- Real Estate Law
- Business Law
- Wills & Estates
- Family Law
- Power of Attorney
- Civil Litigation
- Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

## ਅੱਜ ਨਾਮਾ >>

ਵੱਡਾ ਟਾਊਨ ਪਲੈਨਰ ਹੈ ਗਿਆ ਫੜਿਆ,
ਘਪਲੇ ਵੱਡੇ ਕੁਝ ਜ਼ਾਹਰ ਆ ਹੋਏ ਬੇਲੀ।
ਕਰਦਾ ਪਾਸ ਉਹ ਬੜੇ ਸੀ ਗਲਤ ਨਕਸ਼ੇ,
ਬਹੁਤ ਚਿਰ ਰਹੇ ਇਹ ਸਭ ਲੁਕੋਏ ਬੇਲੀ।
ਚੋਰਾਂ-ਠੱਗਾਂ ਦੇ ਨਾਲ ਰਹੀ ਸਾਂਝ ਉਸਦੀ,
ਫਿਰ ਉਹ ਰਹੇ ਦਰਵਾਜ਼ੇ ਨਾ ਢੋਏ ਬੇਲੀ।
ਵਿਜੀਲੈਂਸ ਦੇ ਆਇਆ ਈ ਪਕੜ ਅੰਦਰ,
ਜਾਣਗੇ ਅਫਸਰ ਕਈ ਨਾਲ ਡੁਬੋਏ ਬੇਲੀ।
ਕੁਰਸੀ ਮਿਲੀ ਤੇ ਮਾਸਾ ਨਹੀਂ ਸ਼ਰਮ ਰੱਖੀ,
ਮਾਇਆ ਹੂੰਝਣ ਹੀ ਲੱਗੇ ਸਨ ਰਹੇ ਬੇਲੀ।
ਪੁੱਠਿਆਂ ਕੰਮਾਂ ਵਿੱਚ ਅਜੇ ਕਈ ਹੋਰ ਰੁੱਝੇ,
ਸ਼ਰਮ ਕਰ ਕਿਸੇ ਨੂੰ ਕੋਈ ਨਾ ਕਹੇ ਬੇਲੀ।

**ਤੀਸ ਮਾਰ ਖਾਂ**

# ਬੈਂਕ ਬ੍ਰਾਂਚ ਬਾਂਸੇਪੁਰ ਤੋਂ ਕਰੋੜਾਂ ਰੁਪਏ ਦੀ ਰਕਮ ਦੀ ਠੱਗੀ ਕਰਨ ਵਾਲਾ ਬੈਂਕ ਮੈਨੇਜਰ ਗ੍ਰਿਫਤਾਰ

### ਹਿਊਮਨ ਇੰਟੈਲੀਜੈਂਸ ਦੀ ਸਹਾਇਤਾ ਨਾਲ ਨੇਪਾਲ ਬਾਰਡਰ ਦੇ ਨੇੜੇ ਤੋਂ ਗ੍ਰਿਫ਼ਤਾਰ ਕੀਤਾ



ਮੋਹਾਲੀ, 25 ਫਰਵਰੀ (ਗਿਆਨ ਸਿੰਘ): ਜਿਲ੍ਹਾ ਐਸ.ਏ.ਐਸ ਨਗਰ ਦੀ ਪੁਲਿਸ ਨੂੰ ਉਸ ਸਮੇਂ ਵੱਡੀ ਸਫਲਤਾ ਮਿਲੀ ਜਦੋਂ ਮੁਕੱਦਮਾ ਨੰਬਰ 16 ਮਿਤੀ 14-02-24 ਅ/ਧ 381, 409, 120-ਬੀ ਆਈ.ਪੀ.ਸੀ ਥਾਣਾ ਮੁੱਲਾਂਪੁਰ ਗਰੀਬਦਾਸ ਦੇ ਫਰਾਰ ਮੁੱਖ ਦੋਸ਼ੀ ਗੌਰਵ ਸ਼ਰਮਾ (ਬੈਂਕ ਮੈਨੇਜਰ, ਬ੍ਰਾਂਚ ਬਾਂਸੇਪੁਰ) ਪੁੱਤਰ ਅਜੇ ਕੁਮਾਰ ਵਾਸੀ ਪਿੰਡ ਭੋਆ, ਤਹਿ: ਤੇ ਜਿਲ੍ਹਾ ਪਠਾਨਕੋਟ, ਹਾਲ ਵਾਸੀ # 302, ਤੀਜੀ ਮੰਜਲ, ਟਾਵਰ ਪ੍ਰਾਈਮਰੋਜ-ਏ, ਅੰਬੀਕਾ ਫਲੋਰੈਂਸ ਪਾਰਕ, ਨਿਊ ਚੰਡੀਗੜ ਜੋ ਕਿ
ਆਪਣੀ ਹੀ ਬ੍ਰਾਂਚ ਦੇ ਵਿੱਚ ਵੱਖ ਵੱਖ ਕਸਟਮਰਾਂ ਵੱਲੋਂ ਖੁਲਵਾਏ ਗਏ ਖਾਤਿਆਂ ਵਿੱਚੋਂ ਐਫ.ਡੀ ਅਤੇ ਸੇਵਿੰਗ ਦੇ ਤੌਰ ਤੇ ਜਮ੍ਹਾਂ ਪਈ ਕਰੋੜਾਂ ਰੁਪਏ ਦੀ ਰਕਮ ਖਾਤੇਧਾਰਕਾ ਦੀ ਮੰਨਜੂਰੀ/ਮਰਜੀ ਤੋਂ ਬਿਨਾਂ ਆਪਣੇ ਪੱਧਰ ਤੇ ਹੀ ਆਪਣੇ ਜਾਣਕਾਰਾਂ/ਰਿਸ਼ਤੇਦਾਰਾਂ ਦੇ ਵੱਖ ਵੱਖ ਬੈਂਕ ਖਾਤਿਆਂ ਵਿੱਚੋਂ ਕਰੋੜਾਂ ਰੁਪਏ ਤਬਦੀਲ/ ਨਿਕਾਸੀ ਕਰਕੇ ਫਰਾਰ ਹੋ ਗਿਆ ਸੀ, ਨੂੰ ਕੱਲ੍ਹ ਮਿਤੀ 23-02-24 ਨੂੰ ਥਾਣਾ ਮੁੱਲਾਂਪੁਰ ਗਰੀਬਦਾਸ ਦੀ ਪੁਲਿਸ ਪਾਰਟੀ ਵੱਲੋਂ ਟੈਕਨੀਕਲ ਤੌਰ ਤੇ ਕੀਤੀ ਜਾ ਰਹੀ ਤਫਤੀਸ਼ ਅਤੇ ਹਿਊਮਨ ਇੰਟੈਲੀਜੈਂਸ ਦੀ ਸਹਾਇਤਾ ਨਾਲ ਨੇਪਾਲ ਬਾਰਡਰ ਦੇ ਨੇੜੇ ਤੋਂ ਗ੍ਰਿਫਤਾਰ ਕੀਤਾ ਗਿਆ।

ਡਾ. ਸੰਦੀਪ ਕੁਮਾਰ ਗਰਗ, ਸੀਨੀਅਰ ਕਪਤਾਨ ਪੁਲਿਸ, ਜਿਲ੍ਹਾ ਐਸ.ਏ.ਐਸ ਨਗਰ ਵੱਲੋਂ ਮੁਕੱਦਮਾ ਦੇ ਦੋਸ਼ੀਅਨ ਨੂੰ ਗ੍ਰਿਫਤਾਰ ਕਰਨ ਸਬੰਧੀ ਜਾਰੀ ਕੀਤੀਆਂ ਗਈਆਂ ਹਦਾਇਤਾਂ ਅਨੁਸਾਰ ਤੁਸ਼ਾਰ ਗੁਪਤਾ, ਕਪਤਾਨ ਪੁਲਿਸ (ਸਥਾਨਕ), ਜਿਲ੍ਹਾ ਐਸ.ਏ.ਐਸ ਨਗਰ ਅਤੇ ਮਨਪ੍ਰੀਤ ਸਿੰਘ, ਕਪਤਾਨ ਪੁਲਿਸ (ਦਿਹਾਤੀ), ਜਿਲ੍ਹਾ ਐਸ.ਏ.ਐਸ ਨਗਰ ਦੇ ਦਿਸ਼ਾ ਨਿਰਦੇਸ਼ਾ ਅਨੁਸਾਰ ਧਰਮਵੀਰ ਸਿੰਘ, ਉਪ ਕਪਤਾਨ ਪੁਲਿਸ, ਸਬ ਡਵੀਜਨ ਖਰੜ-2 (ਮੁੱਲਾਂਪੁਰ) ਦੀ ਨਿਗਰਾਨੀ ਹੇਠ ਇੰਸਪੈਕਟਰ ਸਿਮਰਨਜੀਤ ਸਿੰਘ (ਮੁੱਖ ਅਫਸਰ, ਥਾਣਾ ਮੁੱਲਾਂਪੁਰ ਗਰੀਬਦਾਸ) ਦੀ ਅਗਵਾਈ ਵਿੱਚ ਦੋਸ਼ੀ ਪਾਸੋਂ ਹੋਰ ਡੂੰਘਾਈ ਨਾਲ ਪੁੱਛਗਿੱਛ ਜਾਰੀ ਹੈ ਅਤੇ ਇਹ ਵੀ ਪਤਾ ਕੀਤਾ ਜਾ ਰਿਹਾ ਹੈ ਕਿ ਉਸ ਵੱਲੋਂ ਮਾਰੀ ਗਈ ਠੱਗੀ ਦੀ ਰਕਮ ਕਿੱਥੇ ਕਿੱਥੇ ਵਰਤੀ ਗਈ ਹੈ ਅਤੇ ਇਸ ਠੱਗੀ ਵਿੱਚ ਉਸ ਦੇ ਨਾਲ ਹੋਰ ਕਿਹੜੇ ਕਿਹੜੇ ਵਿਅਕਤੀ ਸ਼ਾਮਲ ਹਨ।

ਦੌਰਾਨੇ ਤਫਤੀਸ਼ ਕਰੀਬ 67 ਖਾਤਾ ਧਾਰਕਾਂ ਦੀਆਂ ਦਰਖਾਸਤਾਂ ਮੌਸੂਲ ਹੋਈਆਂ ਹਨ ਜੋ ਮੁਕੱਦਮਾ ਹਜਾ ਦੀ ਤਫਤੀਸ਼ ਜਾਰੀ ਹੈ। ਦੋਸ਼ੀ ਗੌਰਵ ਸ਼ਰਮਾ ਨੂੰ ਅੱਜ ਅਦਾਲਤ ਵਿੱਚ ਪੇਸ਼ ਕਰਕੇ ਦੋਸ਼ੀ ਦਾ 5 ਦਿਨਾਂ ਦਾ ਪੁਲਿਸ ਰਿਮਾਂਡ ਹਾਸਲ ਕੀਤਾ ਗਿਆ ਹੈ। ਇਸ ਦੌਰਾਨ ਪੁਲਿਸ ਰਿਮਾਂਡ ਦੋਸ਼ੀ ਪਾਸੋਂ ਹੋਰ ਵੀ ਕਈ ਅਹਿਮ ਖੁਲਾਸੇ ਹੋਣ ਦੀ ਸੰਭਾਵਨਾ ਹੈ।

# ਪੰਜਾਬੀ ਪ੍ਰਵਾਸੀ ਭਾਰਤੀਆਂ ਨਾਲ ਮਿਲਣੀ ਭਲਕੇ ਫਿਰੋਜ਼ਪੁਰ ਵਿਚ

ਫਿਰੋਜ਼ਪੁਰ, 25 ਫਰਵਰੀ (ਗਿਆਨ ਸਿੰਘ): ਪੰਜਾਬ ਸਰਕਾਰ ਵਲੋਂ ਪੰਜਾਬੀ ਪ੍ਰਵਾਸੀ ਭਾਰਤੀਆਂ ਦੇ ਮਸਲਿਆਂ ਤੇ ਸ਼ਿਕਾਇਤਾਂ ਦੇ ਉਚਿੱਤ ਨਿਪਟਾਰੇ ਲਈ 'ਪੰਜਾਬੀ ਪ੍ਰਵਾਸੀ ਭਾਰਤੀਆਂ ਨਾਲ ਮਿਲਣੀ' ਪ੍ਰੋਗਰਾਮ ਪੰਜਾਬ ਦੇ ਪ੍ਰਵਾਸੀ ਭਾਰਤੀ ਮਾਮਲਿਆਂ ਬਾਰੇ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਦੀ ਪ੍ਰਧਾਨਗੀ ਹੇਠ ਸ਼ਹੀਦ ਭਗਤ ਸਿੰਘ ਸਟੇਟ ਯੂਨੀਵਰਸਿਟੀ ਫਿਰੋਜ਼ਪੁਰ ਵਿਖੇ 27 ਫਰਵਰੀ ਦਸੰਬਰ 2024 ਨੂੰ ਆਯੋਜਿਤ ਕੀਤਾ ਜਾ ਰਿਹਾ ਹੈ। ਇਹ ਜਾਣਕਾਰੀ ਡਿਪਟੀ ਕਮਿਸ਼ਨਰ ਰਾਜੇਸ਼ ਧੀਮਾਨ ਨੇ ਦਿੱਤੀ।

ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਇਸ ਮਿਲਣੀ ਵਿੱਚ ਕੈਬਨਿਟ ਮੰਤਰੀ ਅਤੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਦੀ ਟੀਮ ਵੱਲੋਂ ਫਿਰੋਜ਼ਪੁਰ, ਮੋਗਾ, ਫਰੀਦਕੋਟ, ਫਾਜ਼ਲਿਕਾ, ਸ੍ਰੀ ਮੁਕਤਸਰ ਸਾਹਿਬ ਤੇ ਤਰਨ ਤਾਰਨ ਜ਼ਲ੍ਹਿਆਂ ਨਾਲ ਸਬੰਧਿਤ ਪ੍ਰਵਾਸੀ ਭਾਰਤੀਆਂ ਦੀਆਂ ਸ਼ਿਕਾਇਤਾਂ ਤੇ ਮਸਲਿਆਂ ਨੂੰ ਸੁਣਿਆ ਜਾਵੇਗਾ ਅਤੇ ਮੌਕੇ 'ਤੇ ਉਚਿੱਤ ਨਿਪਟਾਰਾ/ਹੱਲ ਕੀਤਾ ਜਾਵੇਗਾ।

ਉਨ੍ਹਾਂ ਦੱਸਿਆ ਕਿ 27 ਫਰਵਰੀ ਨੂੰ ਸਵੇਰੇ 9.00 ਵਜੇ ਸ਼ੁਰੂ ਹੋਵੇਗੀ,
ਜਿਸ ਉਪਰੰਤ ਪ੍ਰਵਾਸੀ ਭਾਰਤੀ ਮਾਮਲਿਆਂ ਬਾਰੇ ਮੰਤਰੀ ਸ. ਕੁਲਦੀਪ ਸਿੰਘ ਧਾਲੀਵਾਲ ਐਨ.ਆਰ.ਆਈਜ਼ ਨਾਲ ਉਨ੍ਹਾਂ ਦੇ ਸ਼ਿਕਾਇਤਾਂ ਅਤੇ ਮਸਲਿਆਂ ਬਾਰੇ ਵਿਚਾਰ-ਵਟਾਂਦਰਾ ਕਰਨਗੇ ਅਤੇ ਮੌਕੇ 'ਤੇ ਮੌਜੂਦ ਅਧਿਕਾਰੀਆਂ ਨੂੰ ਛੇਤੀ ਤੋਂ ਛੇਤੀ ਹੱਲ ਲਈ ਹੁਕਮ ਜਾਰੀ ਕੀਤੇ ਜਾਣਗੇ।

# ਮੁੱਖ ਮੰਤਰੀ ਨੇ ਮੁਕੇਰੀਆਂ ਤੋਂ ਆਪਣੀ ਕਿਸਮ ਦੀ ਪਹਿਲੀ ਸਰਕਾਰ-ਵਪਾਰ ਮਿਲਣੀ ਦੀ ਕੀਤੀ ਸ਼ੁਰੂਆਤ

### ਸੂਬੇ ਦੇ ਸਮਾਜਿਕ-ਆਰਥਿਕ ਵਿਕਾਸ ਵਿੱਚ ਉਦਯੋਗਪਤੀਆਂ ਅਤੇ ਵਪਾਰੀਆਂ ਨੂੰ ਬਰਾਬਰ ਦੇ ਹਿੱਸੇਦਾਰ ਬਣਾਉਣ ਦੇ ਉਦੇਸ਼ ਨਾਲ ਕੀਤੀ ਪਹਿਲਕਦਮੀ




ਮੁਕੇਰੀਆਂ (ਹੁਸ਼ਿਆਰਪੁਰ), 24 ਫਰਵਰੀ (ਗਿਆਨ ਸਿੰਘ): ਸਮਾਜ ਦੇ ਹਰੇਕ ਵਰਗ ਦਾ ਸਰਵਪੱਖੀ ਵਿਕਾਸ ਯਕੀਨੀ ਬਣਾਉਣ ਲਈ ਵਚਨਬੱਧ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਨੇ ਸ਼ਨਿੱਚਰਵਾਰ ਨੂੰ ਸੂਬੇ ਦੇ ਕਾਰੋਬਾਰੀ ਭਾਈਚਾਰੇ ਨੂੰ ਦਰਪੇਸ਼ ਸਮੱਸਿਆਵਾਂ ਦੇ ਹੱਲ ਲਈ ਆਪਣੀ ਕਿਸਮ ਦੀ ਪਹਿਲੀ 'ਸਰਕਾਰ-ਵਪਾਰ ਮਿਲਣੀ' ਦੀ ਸ਼ੁਰੂਆਤ ਕੀਤੀ।

ਇਕੱਠ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਆਪਣੀ ਕਿਸਮ ਦੀ ਇਸ ਪਲੇਠੀ ਪਹਿਲਕਦਮੀ ਦਾ ਮੰਤਵ ਵਪਾਰੀ ਭਾਈਚਾਰੇ ਦੀ ਭਲਾਈ ਯਕੀਨੀ ਬਣਾਉਣਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੇ ਆਰਥਿਕ ਵਿਕਾਸ ਨੂੰ ਹੁਲ-ਾਰਾ ਦੇ ਕੇ ਸੂਬੇ ਦੀ ਪੁਰਾਤਨ ਸ਼ਾਨ ਬਹਾਲ ਕਰਨ ਵੱਲ ਇਹ ਇਕ ਕਦਮ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਉਦਯੋਗ ਅਤੇ ਵਪਾਰ ਹਰ ਸੂਬੇ ਦੀ ਆਰਥਿਕਤਾ ਦੀ ਰੀੜ੍ਹ ਦੀ ਹੱਡੀ ਹੁੰਦੇ ਹਨ, ਜਿਸ ਕਾਰਨ ਇਸ ਨੂੰ ਜ਼ਰੂਰ ਹੁਲਾਰਾ ਦੇਣਾ ਚਾਹੀਦਾ ਹੈ।

ਮੁੱਖ ਮੰਤਰੀ ਨੇ ਅੱਗੇ ਕਿਹਾ ਕਿ ਮਾਲੀਆ ਅਤੇ ਰੋਜ਼ਗਾਰ ਸਿਰਜਣ ਇੱਕ ਅਜਿਹਾ ਚੱਕਰ ਹੈ, ਜੋ ਸੂਬੇ ਦੇ ਵਿਕਾਸ ਲਈ ਮਹੱਤਵਪੂਰਨ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਉਨ੍ਹਾਂ ਨੇ ਮੁੰਬਈ, ਚੇਨਈ ਅਤੇ ਕਈ ਹੋਰ ਵੱਡੇ ਸ਼ਹਿਰਾਂ ਦਾ ਦੌਰਾ ਕਰਕੇ ਸਨਅਤਕਾਰਾਂ ਨੂੰ ਆਪਣੇ ਉੱਦਮ ਸਥਾਪਤ ਕਰਨ ਲਈ ਸੱਦਾ ਦਿੱਤਾ ਹੈ। ਉਨ੍ਹਾਂ ਕਿਹਾ ਕਿ ਉਹ ਦਿਨ ਗਏ, ਜਦੋਂ ਸੱਤਾ 'ਚ ਬੈਠੇ ਲੋਕ ਪ੍ਰਾਜੈਕਟਾਂ 'ਚ ਹਿੱਸਾ ਮੰਗਦੇ ਸਨ ਕਿਉਂਕਿ ਹੁਣ ਸਾਰਾ ਧਿਆਨ ਸੂਬੇ ਦੇ ਵਿਕਾਸ ਉਤੇ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਹੁਣ ਤੱਕ ਟਾਟਾ ਸਟੀਲ, ਸਨਾਤਨ ਟੈਕਸਟਾਈਲ ਅਤੇ ਹੋਰ ਪ੍ਰਮੁੱਖ ਕੰਪਨੀਆਂ ਨੇ ਸੂਬੇ ਵਿੱਚ 70,000 ਕਰੋੜ ਰੁਪਏ ਦਾ ਨਿਵੇਸ਼ ਕੀਤਾ ਹੈ। ਉਨ੍ਹਾਂ ਕਿਹਾ ਕਿ ਇਸੇ ਤਰ੍ਹਾਂ ਸੂਬਾ ਸਰਕਾਰ ਸਥਾਨਕ ਉਦਯੋਗਾਂ ਦੇ ਹਿੱਤਾਂ ਦੀ ਰਾਖੀ ਲਈ ਵਚਨਬੱਧ ਹੈ ਅਤੇ ਉਹ ਪੰਜਾਬ ਦੇ ਅਸਲ ਬ੍ਰਾਂਡ ਅੰਬੈਸਡਰ ਹਨ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸੂਬਾ ਸਰਕਾਰ ਇਹ ਯਕੀਨੀ ਬਣਾਉਣ ਲਈ ਵਚਨਬੱਧ ਹੈ ਕਿ ਇਹ ਕੰਪਨੀਆਂ ਪੰਜਾਬ ਵਿੱਚ ਆਪਣੇ ਕਾਰੋਬਾਰ ਦਾ ਵਿਸਥਾਰ ਕਰਨ।

ਮੁੱਖ ਮੰਤਰੀ ਨੇ ਕਿਹਾ ਕਿ ਦੇਸ਼ ਭਰ ਵਿੱਚੋਂ ਪੰਜਾਬ ਦੀ ਅਮਨ-ਕਾਨੂੰਨ ਦੀ ਸਥਿਤੀ ਸਭ ਤੋਂ ਵਧੀਆ ਹੈ, ਜਿਸ ਕਾਰਨ ਉਦਯੋਗ ਵੱਡੀ ਪੱਧਰ 'ਤੇ ਪੰਜਾਬ ਆ ਰਹੇ ਹਨ, ਜਦੋਂ ਕਿ ਪਿਛਲੀਆਂ ਸਰਕਾਰਾਂ ਦੌਰਾਨ ਆਗੂ ਉੱਦਮਾਂ ਵਿੱਚ ਹਿੱਸੇਦਾਰੀ ਮੰਗਦੇ ਸਨ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪਹਿਲਾਂ ਕਾਰੋਬਾਰਾਂ ਲਈ ਸਮਝੌਤੇ ਸੱਤਾ ਵਿੱਚ ਬੈਠੇ ਸਿਆਸੀ ਪਰਿਵਾਰਾਂ ਨਾਲ ਕੀਤੇ ਜਾਂਦੇ ਸਨ ਪਰ ਹੁਣ ਇਹ ਸਮਝੌਤੇ ਸੂਬੇ ਦੀ ਤਰੱਕੀ ਅਤੇ ਖ਼ੁਸ਼ਹਾਲੀ ਲਈ ਕੀਤੇ ਜਾਂਦੇ ਹਨ।

ਮੁੱਖ ਮੰਤਰੀ ਨੇ ਕਿਹਾ ਕਿ ਉਹ ਪੰਜਾਬੀਆਂ ਦੇ ਹੱਕਾਂ ਅਤੇ ਹਿੱਤਾਂ ਦੇ ਰਾਖੇ ਹਨ, ਜਿਸ ਕਾਰਨ ਉਨ੍ਹਾਂ ਦਾ ਹਰ ਕਾਰਜ ਸਮਾਜ ਦੇ ਹਰ ਵਰਗ ਦੀ ਭਲਾਈ ਲਈ ਹੁੰਦਾ ਹੈ। ਉਨ੍ਹਾਂ ਕਿਹਾ ਕਿ ਬਦਕਿਸਮਤੀ ਨਾਲ ਜਿਹੜੇ ਆਗੂ ਸੂਬੇ ਦੀ ਸੱਤਾ 'ਤੇ ਕਾਬਜ਼ ਰਹੇ, ਉਨ੍ਹਾਂ ਨੇ ਪਹਿਲਾਂ ਸੂਬੇ ਨੂੰ ਬਰਬਾਦ ਕਰਕੇ ਵੱਡੀ ਜਾਇਦਾਦ ਇਕੱਠੀ ਕੀਤੀ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਨ੍ਹਾਂ ਆਗੂਆਂ ਦੀ ਟਰਾਂਸਪੋਰਟ, ਸਿੱਖਿਆ, ਸਿਹਤ ਅਤੇ ਹੋਰ ਖੇਤਰਾਂ ਵਿੱਚ ਦਿਲਚਸਪੀ ਸੀ, ਜਿਸ ਕਾਰਨ ਇਨ੍ਹਾਂ ਨੇ ਲੋਕਾਂ ਦੀ ਭਲਾਈ ਨੂੰ ਨਜ਼ਰਅੰਦਾਜ਼ ਕੀਤਾ ਅਤੇ ਇਨ੍ਹਾਂ ਆਗੂਆਂ ਨੇ ਆਪਣੇ ਸਵਾਰਥਾਂ ਨੂੰ ਪਹਿਲ ਦਿੱਤੀ।

ਮੁੱਖ ਮੰਤਰੀ ਨੇ ਵਪਾਰੀਆਂ ਨੂੰ ਸੂਬੇ ਦੀ ਤਰੱਕੀ ਅਤੇ ਖ਼ੁਸ਼ਹਾਲੀ ਲਈ ਤਨ-ਮਨ ਨਾਲ ਕੰਮ ਕਰਨ ਦਾ ਸੱਦਾ ਦਿੱਤਾ। ਉਨ੍ਹਾਂ ਵਪਾਰੀਆਂ ਅਤੇ ਸਨਅਤਕਾਰਾਂ ਨੂੰ ਸੂਬੇ ਦੀ ਆਰਥਿਕ ਖ਼ੁਸ਼ਹਾਲੀ ਦੇ ਨਵੇਂ ਯੁੱਗ ਦੀ ਸ਼ੁਰੂਆਤ ਕਰਨ ਲਈ ਚੱਲ ਰਹੀ ਕ੍ਰਾਂਤੀ ਵਿੱਚ ਹਿੱਸੇਦਾਰ ਬਣਨ ਦਾ ਸੱਦਾ ਦਿੱਤਾ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸੂਬਾ ਸਰਕਾਰ ਨੇ ਪਹਿਲਾਂ ਹੀ ਫੋਕਲ ਪੁਆਇੰਟਾਂ ਅਤੇ ਵਿਸ਼ੇਸ਼ ਆਰਥਿਕ ਖਿੱਤਿਆਂ (ਐਸ.ਈ.ਜ਼ੈੱਡਜ਼) ਵਿੱਚ ਬੁਨਿਆਦੀ ਢਾਂਚੇ ਨੂੰ ਅਪਗ੍ਰੇਡ ਕਰਨ ਦੇ ਨਾਲ-ਨਾਲ ਸਨਅਤੀ ਖੇਤਰਾਂ ਵਿੱਚ ਵਿਸ਼ੇਸ਼ ਪੁਲਿਸ ਚੌਕੀਆਂ ਸਥਾਪਤ ਕਰਕੇ ਸੁਰੱਖਿਆ ਯਕੀਨੀ ਬਣਾਉਣ ਦਾ ਖਾਕਾ ਤਿਆਰ ਕਰ ਲਿਆ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਉਦਯੋਗਾਂ ਅਤੇ ਵਪਾਰੀਆਂ ਨੂੰ ਪ੍ਰੇਸ਼ਾਨ ਕਰਨ ਦਾ ਯੁੱਗ ਖ਼ਤਮ ਹੋ ਗਿਆ ਹੈ ਅਤੇ ਸੂਬਾ ਸਰਕਾਰ ਹੁਣ ਉਨ੍ਹਾਂ ਦੀ ਸਹੂਲਤ ਲਈ ਕੰਮ ਕਰੇਗੀ। ਉਨ੍ਹਾਂ ਕਿਹਾ ਕਿ ਪਿਛਲੇ ਦੌਰ ਦੇ ਉਲਟ ਹੁਣ ਕੋਈ ਵੀ ਉਦਯੋਗਪਤੀਆਂ ਨੂੰ ਤੰਗ ਨਹੀਂ ਕਰੇਗਾ, ਸਗੋਂ ਸੂਬਾ ਸਰਕਾਰ ਉਦਯੋਗਾਂ ਨੂੰ ਉਤਸ਼ਾਹਿਤ ਕਰਨ ਲਈ ਹਰ ਸੰਭਵ ਯਤਨ ਕਰੇਗੀ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਉਦਯੋਗਿਕ ਖੇਤਰ ਦਾ ਵਿਆਪਕ ਵਿਕਾਸ ਯਕੀਨੀ ਬਣਾਉਣ ਲਈ ਇਸ ਨੂੰ ਜੋਸ਼ ਨਾਲ ਲਾਗੂ ਕੀਤਾ ਜਾ ਰਿਹਾ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਪੰਜਾਬ ਵਿੱਚ ਮੌਜੂਦਾ ਉਦਯੋਗਿਕ ਇਕਾਈਆਂ ਦੀ ਸੁਰੱਖਿਆ ਅਤੇ ਵਿਸਤਾਰ ਲਈ ਠੋਸ ਉਪਰਾਲੇ ਕਰੇਗੀ। ਉਨ੍ਹਾਂ ਕਿਹਾ ਕਿ ਸਨਅਤਕਾਰਾਂ ਨੇ ਦੇਸ਼ ਦੇ ਸਮਾਜਿਕ-ਆਰਥਿਕ ਵਿਕਾਸ ਵਿੱਚ ਅਹਿਮ ਭੂਮਿਕਾ ਨਿਭਾਈ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਨ੍ਹਾਂ ਉਦਯੋਗਾਂ ਨੇ ਵਿਸ਼ਵ ਭਰ ਵਿੱਚ ਆਪਣੇ ਲਈ ਅਹਿਮ ਮੁਕਾਮ ਬਣਾਇਆ ਹੈ ਅਤੇ ਸੂਬਾ ਸਰਕਾਰ ਇਨ੍ਹਾਂ ਦੇ ਹਿੱਤਾਂ ਦੀ ਰਾਖੀ ਲਈ ਹਰ ਸੰਭਵ ਯਤਨ ਕਰੇਗੀ।

ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਨੇ ਵੱਖ-ਵੱਖ ਰੰਗਾਂ ਵਾਲੇ ਸਟੈਂਪ ਪੇਪਰ ਲਿਆਂਦੇ ਹਨ, ਜੋ ਸੂਬੇ ਵਿੱਚ ਉਦਯੋਗਿਕ ਕ੍ਰਾਂਤੀ ਦੇ ਨਵੇਂ ਯੁੱਗ ਦੀ ਸ਼ੁਰੂਆਤ ਕਰਨ ਵੱਲ ਇਕ ਕਦਮ ਹਨ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪੰਜਾਬ ਅਜਿਹਾ ਪਹਿਲਾ ਸੂਬਾ ਹੈ, ਜਿਸ ਨੇ ਉੱਦਮੀਆਂ ਨੂੰ ਆਪਣੇ ਯੂਨਿਟ ਸਥਾਪਤ ਕਰਨ ਲਈ ਹਰੇ ਰੰਗ ਦੇ ਸਟੈਂਪ ਪੇਪਰ ਜਾਰੀ ਕੀਤੇ ਹਨ, ਜਿਸ ਨਾਲ ਸੂਬੇ ਦੇ ਸਨਅਤੀ ਵਿਕਾਸ ਨੂੰ ਲੋੜੀਂਦਾ ਹੁਲਾਰਾ ਮਿਲੇਗਾ। ਉਨ੍ਹਾਂ ਨੇ ਇਸ ਨੂੰ ਕ੍ਰਾਂਤੀਕਾਰੀ ਕਦਮ ਦੱਸਿਆ, ਜਿਸ ਦਾ ਉਦੇਸ਼ ਸੂਬੇ ਵਿੱਚ ਆਪਣੀਆਂ ਇਕਾਈਆਂ ਸਥਾਪਤ ਕਰਨ ਦੇ ਚਾਹਵਾਨ ਉੱਦਮੀਆਂ ਲਈ ਕਾਰੋਬਾਰ ਕਰਨ ਵਿੱਚ ਸੌਖ ਯਕੀਨੀ ਬਣਾਉਣਾ ਹੈ।


SherGill Law Firm
Barrister, Solicitor & Notary Public
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
Paramjit Singh Gill
(MBA,LL.B.)
Tel: 905-790-3636

2565 Steeles Ave E Unit #20, Brampton, ON L6T 4L6
Emergency Contact:
416.910.5676
www.shergilllawfirm.ca

Allseas Fisheries Inc. is Hiring!
DZ licensed delivery drivers needed.
Pay is $24/hour. Full time, permanent
Should work any day of the week, including weekends.
If interested, please forward resume to rgidda@allseas.net


TAX & ACCOUNTING
TAX | HST REBATE | ADVISORY |
ACCOUNTING | INCORPORATION |
BUSINESS LOAN | PERSONAL TAX
Harcharan S. Grover
Chartered Accountant

ਸਾਨੂੰ ਕਾਲ ਕਰੋ ਤੇ ਆਪਣਾ ਟੈਕਸ ਬਚਾਓ
Call for Professional Advice
905.247.0193
info@grovercpa.ca
GroVerCPA Professional Corporation
214-7895 Tranmere Drive, Mississauga ON L5S 1V9

ਆਓ ਸੱਤ ਸਮੁੰਦਰੋਂ ਪਾਰ ਵਾਲਿਆਂ ਦਾ ਵੀ ਸੋਚੀਏ

Super Visa
■ How your spouse can join you within 4-6 months
■ How your parents can join you
■ How students & skilled people can come to Canada
■ How international Students & Foreign workers can get their immigration
We do appeal for Refusal cases also
Sponsor Your Family
MacroGlobal Immigration Services Ltd.
Seema Bhayana
MEMBER iccrc

Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com

ਬਰਾੜ ਗਰਾਜ ਡੋਰ

ਅਸੀਂ ਰੀਪੇਅਰ ਕਰਦੇ ਹਾਂ :
BROKEN SPRINGS
CABLES & ROLLERS
GARAGE DOOR OPENERS

We Install Garage Door Openers
ਸੰਪਰਕ ਕਰੋ: (416) 357-4082, ਈਮੇਲ ਕਰੋ: brargaragedoors@gmail.com •

# ਗਿਆਨੀ ਰਘਬੀਰ ਸਿੰਘ ਤੇ ਐਡਵੋਕੇਟ ਧਾਮੀ ਨੇ ਗੁਰਸਿੱਖ ਬੱਚੇ ਅਰਜਨਵੀਰ ਸਿੰਘ ਦੀ 31 ਰਾਗਾਂ 'ਤੇ ਅਧਾਰਿਤ 'ਗੁਰ ਸ਼ਬਦ ਰਾਗ ਰਤਨ' ਐਲਬਮ ਕੀਤੀ ਜਾਰੀ



ਅੰਮ੍ਰਿਤਸਰ, 25 ਫ਼ਰਵਰੀ (ਗਿਆਨ ਸਿੰਘ): ਨਿਊਯਾਰਕ ਦੇ ਅਲਬਾਨੀ ਤੋਂ 12 ਸਾਲ ਦੇ ਗੁਰਸਿੱਖ ਬੱਚੇ ਅਰਜਨਵੀਰ ਸਿੰਘ ਦੁਆਰਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 31 ਰਾਗਾਂ 'ਤੇ ਅਧਾਰਿਤ ਗੁਰਬਾਣੀ ਕੀਰਤਨ ਦੀ ਗੁਰ ਸ਼ਬਦ ਰਾਗ ਰਤਨ ਐਲਬਮ ਜਾਰੀ ਕੀਤੀ ਗਈ। ਇਹ ਐਲਬਮ ਸਕੱਤਰੇਤ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਜਥੇਦਾਰ ਗਿਆਨੀ ਰਘਬੀਰ ਸਿੰਘ, ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ 'ਤੇ ਰਾੜਾ ਸਾਹਿਬ ਸੰਪ੍ਰਦਾ ਦੇ ਮੁਖੀ ਬਾਬਾ ਬਲਜਿੰਦਰ ਸਿੰਘ ਨੇ ਪ੍ਰਮੁੱਖ ਸ਼ਖ਼ਸੀਅਤਾਂ ਦੀ ਹਾਜ਼ਰੀ ਵਿਚ ਜਾਰੀ ਕੀਤੀ।

ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਧਾਮੀ ਨੇ ਕਿਹਾ ਕਿ 12 ਸਾਲ ਦੇ ਕਾਕਾ ਅਰਜਨਵੀਰ ਸਿੰਘ 'ਤੇ ਸਤਿਗੁਰੂ ਦੀ ਅਪਾਰ ਕਿਰਪਾ ਹੋਈ ਹੈ, ਜਿਸ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 31 ਰਾਗਾਂ 'ਤੇ ਅਧਾਰਿਤ ਗੁਰਬਾਣੀ ਕੀਰਤਨ ਦੀ ਸਿਖਲਾਈ ਲਈ ਹੈ। ਇਸ ਬੱਚੇ ਨੂੰ ਰਾਗ ਅਧਾਰਿਤ ਕੀਰਤਨ ਦੀ ਸਿਖਲਾਈ ਰਾੜਾ ਸਾਹਿਬ ਸੰਪ੍ਰਦਾ ਦੇ ਮੁਖੀ ਬਾਬਾ ਬਲਜਿੰਦਰ ਸਿੰਘ ਰਾਹੀਂ ਸੰਗੀਤ ਦੇ ਵਿਦਵਾਨ ਡਾ. ਗੁਰਨਾਮ ਸਿੰਘ ਵੱਲੋਂ ਦਿੱਤੀ ਗਈ ਹੈ, ਜੋ ਸ਼ਲਾਘਾਯੋਗ ਉਪਰਾਲਾ ਹੈ। ਐਡਵੋਕੇਟ ਧਾਮੀ ਨੇ ਇਸ ਬੱਚੇ ਦੇ ਪਰਿਵਾਰ ਨੂੰ ਵਧਾਈ ਦਿੰਦਿਆਂ ਬੱਚੇ ਦੇ ਚੰਗੇਰੇ ਭਵਿੱਖ ਲਈ ਕਾਮਨਾ ਕੀਤੀ। ਇਸ ਮੌਕੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਤੇ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਾਕਾ ਅਰਜਨਵੀਰ ਸਿੰਘ, ਬਾਬਾ ਬਲਜਿੰਦਰ ਸਿੰਘ ਰਾੜਾ ਸਾਹਿਬ ਅਤੇ ਡਾ. ਗੁਰਨਾਮ ਸਿੰਘ ਨੂੰ ਸਨਮਾਨਿਤ ਵੀ ਕੀਤਾ। ਇਸੇ ਦੌਰਾਨ ਡਾ. ਗੁਰਨਾਮ ਸਿੰਘ ਦੁਆਰਾ ਲਿਖੀ ਗਈ ਗੁਰ ਸ਼ਬਦ ਰਾਗ ਰਤਨ ਨਾਮ ਦੀ ਪੁਸਤਕ ਵੀ ਜਾਰੀ ਕੀਤੀ ਗਈ।

ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਭਾਈ ਰਾਜਿੰਦਰ ਸਿੰਘ ਮਹਿਤਾ, ਮੈਂਬਰ ਐਡਵੋਕੇਟ ਭਗਵੰਤ ਸਿੰਘ ਸਿਆਲਕਾ, ਸ. ਸਤਵਿੰਦਰ ਸਿੰਘ ਟੌਹੜਾ, ਓਐਸਡੀ ਸ. ਸਤਬੀਰ ਸਿੰਘ ਧਾਮੀ, ਧਰਮ ਪ੍ਰਚਾਰ ਕਮੇਟੀ ਦੇ ਸਕੱਤਰ ਸ. ਬਲਵਿੰਦਰ ਸਿੰਘ ਕਾਹਲਵਾਂ, ਮੈਨੇਜਰ ਸ. ਭਗਵੰਤ ਸਿੰਘ ਧੰਗੇੜਾ, ਮੀਤ ਸਕੱਤਰ ਸ. ਜਸਵਿੰਦਰ ਸਿੰਘ ਜੱਸੀ, ਬਾਬਾ ਬਲਵਿੰਦਰ ਸਿੰਘ ਰਾੜਾ ਸਾਹਿਬ ਵਾਲੇ, ਡਾ. ਗੁਰਨਾਮ ਸਿੰਘ, ਸਾਬਕਾ ਹਜ਼ੂਰੀ ਰਾਗੀ ਭਾਈ ਜਸਵੰਤ ਸਿੰਘ, ਮੈਨੇਜਰ ਸ. ਨਰਿੰਦਰ ਸਿੰਘ, ਵਧੀਕ ਮੈਨੇਜਰ ਸ. ਜਸਪਾਲ ਸਿੰਘ ਢੱਡੇ, ਸ. ਅਜੀਤ ਸਿੰਘ, ਸਕਾਲਰ ਸ. ਰਾਜਵਿੰਦਰ ਸਿੰਘ ਜੋਗਾ, ਸ. ਦਵਿੰਦਰ ਸਿੰਘ ਧਾਮੀ, ਸ. ਤੇਜਿੰਦਰਪਾਲ ਸਿੰਘ ਟਿੰਮਾ, ਸ. ਜਸਵੀਰ ਸਿੰਘ, ਬੀਬੀ ਗੁਰਨਾਮ ਕੌਰ ਗਰੇਵਾਲ ਆਦਿ ਹਾਜ਼ਰ ਸਨ।

# ਪੰਜਾਬ ਮਨੁੱਖੀ ਅਧਿਕਾਰ ਕਮਿਸ਼ਨ ਦੇ ਚੇਅਰਮੈਨ ਨੇ ਕੀਤਾ ਫਰੀਦਕੋਟ ਜੇਲ੍ਹ ਦਾ ਦੌਰਾ

## ਕੈਦੀਆਂ ਦੇ ਰਹਿਣ-ਸਹਿਣ ਅਤੇ ਖਾਣੇ ਤੇ ਕੀਤਾ ਤਸੱਲੀ ਦਾ ਪ੍ਰਗਟਾਵਾ



ਫਰੀਦਕੋਟ, 25 ਫਰਵਰੀ (ਪੋਸਟ ਬਿਊਰੋ): ਪੰਜਾਬ ਮਨੁੱਖੀ ਅਧਿਕਾਰ ਕਮਿਸ਼ਨ ਦੇ ਚੇਅਰਮੈਨ ਜਸਟਿਸ ਸੰਤ ਪ੍ਰਕਾਸ਼ ਨੇ ਸ਼ਨੀਵਾਰ ਬਾਅਦ ਦੁਪਹਿਰ ਫ਼ਰੀਦਕੋਟ ਮਾਡਰਨ ਜੇਲ੍ਹ ਦਾ ਦੌਰਾ ਕੀਤਾ ਜਿਸ ਦੌਰਾਨ ਉਨ੍ਹਾਂ ਜੇਲ੍ਹ ਵਿੱਚ ਬੰਦ ਕੈਦੀਆਂ ਨਾਲ ਗੱਲਬਾਤ ਕਰਨ ਤੋਂ ਇਲਾਵਾ ਜੇਲ ਰਿਕਾਰਡ ਦੀ ਜਾਂਚ ਵੀ ਕੀਤੀ ਅਤੇ ਸਾਰੀਆਂ ਬੈਰਕਾਂ ਦਾ ਨਿਰੀਖਨ ਕਰ ਉਨ੍ਹਾਂ ਦੇ ਰਹਿਣ-ਸਹਿਣ ਅਤੇ ਮਿਲ ਰਹੀ ਸਿਹਤ ਸੁਵਿਧਾਵਾਂ ਸਬੰਧੀ ਜਾਣਕਾਰੀ ਲਈ ।

ਜਸਟਿਸ ਸੰਤ ਪ੍ਰਕਾਸ਼ ਨੇ ਦੱਸਿਆ ਕਿ ਉਨ੍ਹਾਂ ਦਾ ਦੌਰਾ ਇਹ ਦੇਖਣ ਲਈ ਹੈ ਕਿ ਜੇਲ ਵਿੱਚ ਕਾਨੂੰਨ ਦੁਆਰਾ ਨਿਰਧਾਰਿਤ ਮਾਪਦੰਡ ਜੇਲ ਵਿੱਚ ਸਹੀ ਤਰੀਕੇ ਨਾਲ ਲਾਗੂ ਕੀਤੇ ਜਾ ਰਹੇ ਹਨ ਜਾਂ ਨਹੀਂ । ਉਨ੍ਹਾਂ ਸਭ ਤੋਂ ਪਹਿਲਾਂ ਗਾਰਡ ਆੱਫ ਆਨਰ ਲੈ ਕੇ ਜੇਲ ਮੁਲਾਜ਼ਮਾਂ ਦੇ ਨਾਲ ਮੀਟਿੰਗ ਕੀਤੀ ਜਿਸ ਦੌਰਾਨ ਉਨ੍ਹਾਂ ਸਟਾਫ ਨੂੰ ਦਰਪੇਸ਼ ਆ ਰਹੀਆਂ ਦਿੱਕਤਾਂ ਸਬੰਧੀ ਵਿਚਾਰ-ਚਰਚਾ ਕੀਤੀ ।

ਇਸ ਦੌਰਾਨ ਉਨ੍ਹਾਂ ਜੇਲ ਦੀ ਆਰਥਿਕ ਹਾਲਤਾਂ ਦੇ ਸੁਧਾਰ ਵਿੱਚ ਸਹਾਈ ਸਿੱਧ ਹੋਣ ਵਾਲੇ ਕੰਮ ਜਿਵੇਂ ਕਿ ਪਟਰੋਲ-ਪੰਪ ਦੀ ਸਥਾਪਨਾ, ਸਟੀਲ ਫੈਕਟਰੀ ਦੀ ਉਸਾਰੀ ਅਤੇ ਕੈਦੀਆਂ ਵੱਲੋਂ ਟੈਂਟ ਬਨਾਉਣ ਦੇ ਕੰਮ ਦੀ ਸਮੀਖਿਆ ਕੀਤੀ।

ਜੇਲ੍ਹ ਸੁਪਰਡੈਂਟ ਰਾਜੀਵ ਅਰੋੜਾ ਨੇ ਦੱਸਿਆ ਕਿ ਸੂਬੇ ਦੀਆਂ 12 ਜੇਲ੍ਹਾਂ ਵਿੱਚ ਪਟਰੋਲ-ਪੰਪ ਲਗਾਉਣ ਦੀ ਤਜਵੀਜ਼ ਹੈ ਜਿਸ ਵਿੱਚੋਂ ਕੁਝ ਜ਼ਿਲਿਆਂ ਵਿੱਚ ਪੰਪ ਲੱਗ ਚੁੱਕੇ ਹਨ ਅਤੇ ਫ਼ਰੀਦਕੋਟ ਵਿੱਚ ਇੱਕ ਐਨ ਓ ਸੀ ਰਹਿ ਗਈ ਹੈ ਜਿਸ ਦੇ ਮਿਲਣ ਉਪਰੰਤ ਕੰਮ ਜਲਦ ਹੀ ਸ਼ੁਰੂ ਕੀਤਾ ਜਾਵੇਗਾ । ਉਨ੍ਹਾਂ ਕਿਹਾ ਕਿ ਸਟੀਲ ਫੈਕਟਰੀ ਦਾ ਕੰਮ ਵੀ ਜਲਦ ਸ਼ੁਰੂ ਕੀਤਾ ਜਾਵੇਗਾ ਜਦਕਿ 40,80 ਅਤੇ 360 ਪਾਉਂਡ ਵਾਲੇ ਟੈਂਟ ਬਣਾਉਣ ਦਾ ਕੰਮ ਕੈਦੀਆਂ ਵੱਲੋਂ ਕੀਤਾ ਜਾ ਰਿਹਾ ਹੈ ।

ਮੀਟਿੰਗ ਉਪਰੰਤ ਕਮਿਸ਼ਨ ਦੇ ਚੇਅਰਮੈਨ ਨੇ ਕੈਦੀਆਂ ਲਈ ਬਣਾਏ ਜਾਂਦੇ ਖਾਣੇ ਦਾ ਜਾਇਜ਼ਾ ਲਿਆ ਤੇ ਰਸੋਈ ਘਰ ਅਤੇ ਡਿਸਪੈਂਸਰੀ ਦੀ ਜਾਂਚ ਕੀਤੀ । 72 ਏਕੜ ਵਿੱਚ ਫੈਲੀ 2338 ਕੈਦੀਆਂ ਵਾਲੀ ਇਸ ਜੇਲ੍ਹ ਵਿੱਚ ਜਸਟਿਸ ਸੰਤ ਪ੍ਰਕਾਸ਼ ਨੇ ਬੈਰਕਾਂ ਦੇ ਬਾਹਰ ਲਾਈਨਵਾਰ ਦਰਖਾਸਤਾਂ ਫੜੀ ਖੜੇ 450 ਕੈਦੀਆਂ, ਸਮੇਤ 120 ਮਹਿਲਾ ਕੈਦੀਆਂ, ਨਾਲ ਨਿੱਜੀ ਮੁਲਾਕਾਤਾਂ ਵੀ ਕੀਤੀਆਂ । ਇਨ੍ਹਾਂ ਵਿੱਚੋਂ ਦਰਜਨ ਦੇ ਕਰੀਬ ਕੈਦੀਆਂ ਦੀ ਬੇਲ, ਰਿਹਾਈ ਜਾਂ ਜੇਲ ਦੇ ਤਬਾਦਲੇ ਸਬੰਧੀ ਦਰਖਾਸਤਾਂ ਦੀ ਸੁਣਵਾਈ ਵਿੱਚ ਦੇਰੀ ਸਬੰਧੀ ਉਨ੍ਹਾਂ ਤੁਰੰਤ ਨਿਪਟਾਰੇ ਲਈ ਮੌਕੇ ਤੇ ਮੌਜੂਤ ਐਸ ਐਸ ਪੀ ਹਰਜੀਤ ਸਿੰਘ ਨੂੰ ਹਦਾਇਤ ਕੀਤੀ । ਜਸਟਿਸ ਸੰਤ ਪ੍ਰਕਾਸ਼ ਨਾਲ ਸੀ.ਜੇ. ਐਮ. ਸ.ਅਜੀਤ ਪਾਲ, ਡੀ.ਸੀ. ਸ੍ਰੀ ਵਿਨੀਤ ਕੁਮਾਰ, ਐਸ.ਪੀ ਸ.ਜਸਪ੍ਰੀਤ ਸਿੰਘ, ਜਿਲ੍ਹਾ ਸਮਾਜਿਕ ਸੁਰੱਖਿਆ ਅਫਸਰ ਸ੍ਰੀ ਨਵੀਨ ਗੜ੍ਹਵਾਲ, ਜਿਲ੍ਹਾ ਲੋਕ ਸੰਪਰਕ ਅਫਸਰ ਸ.ਗੁਰਦੀਪ ਸਿੰਘ ਮਾਨ ਅਤੇ ਸਰਕਾਰੀ ਤੇ ਪ੍ਰਈਵੇਟ ਵਕੀਲ ਵੀ ਹਾਜ਼ਰ ਸਨ।




ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

# CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

## ਲੜਕੀ ਦੀ ਲੋੜ

Well settled Ramgarhia Family living in Winnipeg from 16 years looking for a suitable match for their son 33-year-old,5-10 Tall, clean shaved, Active in Real Estate Business and financing Business Manitoba and Ontario.
Contact number-204-510-7658 and 519-917-5055.
7Feb

Sikh Tonk kashtriya Boy Feb/1993 Born, height 5.11", B.tech in computer science, On work permit PR applied. Working as a supervisor. Looking for beautiful PR/Work permit/ Study permit girl. Caste No Bar. Whatsapp or Call at +91 9417272807, +12269787777

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5 ਫੁੱਟ 10 ਇੰਚ, ਲੜਕੇ ਦੀ ਇਕ ਭੈਣ ਹੈ, ਆਟੋਮੋਟਿਵ ਪਾਵਰ ਟੈਕਨੀਸ਼ੀਅਨ, ਆਟੋਮੋਬਾਇਲ ਇੰਡਸਟਰੀ ਵਿਚ ਮਿਕੈਨਿਕ ਦੇ ਤੌਰ 'ਤੇ ਕੰਮ ਕਰ ਰਿਹਾ ਹੈ, ਕੈਨੇਡੀਅਨ ਪੀਆਰ ਹੈ, ਲਈ ਜੱਟ ਸਿੱਖ, ਪੜ੍ਹੀ ਲਿਖੀ ਲੜਕੀ ਦੀ ਲੋੜ ਹੈ। ਲੜਕੀ ਕੈਨੇਡਾ ਵਿਚ ਵਰਕ ਪਰਮਿਟ ਉਤੇ ਹੋਵੇ, ਸਟੱਡੀ ਪਰਮਿਟ ਉਤੇ ਜਾਂ ਪੀਆਰ ਹੋਲਡਰ ਹੋਵੇ। ਸੰਪਰਕ: (289) 380-6898

ਲੁਬਾਣਾ ਸਿੱਖ ਲੜਕਾ ਕੈਨੇਡੀਅਨ ਸਿਟੀਜ਼ਨ, ਉਮਰ 29, ਹਾਈਟ 5 ਫੁੱਟ 8 ਇੰਚ, ਸੈਲਫ ਇੰਪਲਾਇਡ ਲਈ ਬੀਐੱਸਸੀ ਨਰਸਿੰਗ ਜਾਂ ਵਰਕ ਪਰਮਿਟ 'ਤੇ ਆਈ ਲੜਕੀ ਦੀ ਜ਼ਰੂਰਤ ਹੈ। ਲੁਬਾਣਾ ਬਰਾਦਰੀ ਨੂੰ ਪਹਿਲ ਦਿੱਤੀ ਜਾਵੇਗੀ। ਸੰਪਰਕ: 7093510275

Looking for a Suitable match for Khatri Punjabi boy 36 yrs old 5,6.Boy have multiple Visitor Visa. Legally Divorced after a Short Marriage no issue .Boy is in Canada right now. Sister Well Settled in Toronto. No Caste bar, looking for Canadian P.R. or Citizen Contact on 6473004877 Email :- komal1128@gmail.com

Well settled Punjabi Arora family seeks match for their PR son 34 years old, 6 feet tall, M.Com LLB, never smoking, never drinking, vegetarian, legally divorced after very short marriage, no relationship. Boy is almost unmarried. He is working as an officer in Leading Canadian Bank. Seeks educated family oriented girl from families in Canada/USA or new immigrant, PR, student or on work permit. Girl with very short marriage or never married will be preferred. Parents please send Bio-data and photo. Whatsapp or call at +1 9734209701, 437-770-3644 or email at ssjuneja@gmail.com.

## ਲੜਕੀ ਦੀ ਲੋੜ

ਕੈਨੇਡੀਅਨ ਸਿਟੀਜ਼ਨ, ਕੈਨੇਡਾ ਦੇ ਦੋ ਸੂਬਿਆਂ ਵਿਚ ਸਫ਼ਲ ਸਥਾਪਿਤ ਆਪਣਾ ਕਾਰੋਬਾਰ ਕਰਦੇ ਵੈੱਲ ਸੈਟਲਡ ਪਰਿਵਾਰ ਦੇ ਕੈਨੇਡਾ ਵਿਚ 16 ਸਾਲ ਤੋਂ ਰਹਿ ਰਹੇ ਲੜਕੇ, ਉਮਰ 32 ਸਾਲ, ਕੱਦ 5 ਫੁੱਟ, 10 ਇੰਚ, ਲਈ ਯੋਗ ਲੜਕੀ ਦੀ ਜ਼ਰੂਰਤ। ਸੰਪਰਕ ਕਰੋ: 204-510-7658 ਜਾਂ 437-881-7282

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5'9", ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ। ਸੰਪਰਕ: 437-223-2664

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5'11'', B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈੱਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਅੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5"8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013

## ਲੜਕੇ ਦੀ ਲੋੜ

ਜੱਟ ਸਿੱਖ ਸਿੱਧੂ ਪਰਿਵਾਰ ਦੀ ਲੜਕੀ, 28 ਸਾਲ, 5'6", ਕੇਨੈਡਾ ਵਿੱਚ ਵਿਜਟਰ ਵੀਜ਼ੇ 'ਤੇ ਰਹਿ ਰਹੀ ਲੜਕੀ ਲਈ ਕੈਨੇਡੀਅਨ ਸਿਟੀਜਨ/ਪੀ.ਆਰ. ਜੱਟ ਸਿੱਖ ਲੜਕੇ ਦੀ ਜ਼ਰੂਰਤ। ਸੰਪਰਕ: 647-203-7573

ਕੈਨੇਡਾ (ਬਰੈਪਟਨ) ਪੀ ਆਰ ਦਰਜੀ ਸਿੰਘ (ਛੀਂਬਾ) ਤਲਾਕਸ਼ੁਦਾ ਲੜਕੀ B.Sc.Nursing, 33 ਸਾਲ 5' 2" ਲਈ ਪਗੜੀਧਾਰੀ ਲੜਕੇ ਦੀ ਲੋੜ। +919417939114

Need suitable match for 58 years old Hindu (Khatri) lady (Non Manglik), Height 5'3". Seeking a trustworthy man upto 65 years. Contact :- 647-323-5428.

Qualified match for beautiful never married Punjabi Khatri girl 5'7" 35 years Software Engineer at Toronto .Canada PR. Well settled in IT job . Good family.call +16475649350 email marti.mail.20@gmail.com

Saini Sikh family seeks a suitable match for their beautiful daughter, born and raised in Canada, 36 years old, slim, 5'4" tall, has a bachelor's degree, has a good job, divorced after short marriage. The boy should be educated, well settled, handsome, Canadian born. Please send bio-data and pictures on whatsapp. Phone :- 437-288-6010. Caste no bar.

'Qualified match for beautiful never married 81 born girl, Canada PR, well settled in job with Pharma co at Toronto. Call: +16475649350, Email: skvmatri49@gmail.com

Seeking a suitable match for Canadian citizen Ramdasia Sikh (GNM). Born August 1987 and height 5'1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjotdahiya@gmail.com Contact number-+17802222608, +919988297352

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com

## ਲੜਕੇ ਦੀ ਲੋੜ

ਗਿੱਲ ਜੱਟ ਸਿੱਖ, 1992, ਇਕਲੌਤੀ, B.Tech. ਲੜਕੀ ਲਈ ਗੁਰਸਿੱਖ ਕੈਨੇਡੀਅਨ ਸੈਟਲਡ ਪਰਿਵਾਰ ਦੇ ਲੜਕੇ ਦੀ ਲੋੜ। ਸੰਪਰਕ: 9464034653, 2364582228

ਜੱਟ ਸਿੱਖ ਲੜਕੀ, ਉਮਰ 27 ਸਾਲ, ਕੱਦ 5 ਫੁੱਟ 4", ਬੀ.ਏ ਪਾਸ, ਹੇਅਰ ਐਂਡ ਸਕਿੱਨ ਕੇਅਰ ਡਿਪਲੋਮਾ (ਆਈ. ਟੀ.ਆਈ) ਕੰਪਿਊਟਰ ਡਿਪਲੋਮਾ ਇੱਕ ਸਾਲ ਕੀਤਾ ਹੋਇਆ, ਵਿਜ਼ਟਰ ਵੀਜ਼ੇ 'ਤੇ ਕੇਨੈਡਾ ਆਈ ਹੋਈ, ਲਈ ਕੈਨੇਡੀਅਨ ਜੱਟ ਸਿੱਖ ਪੀ.ਆਰ ਲੜਕੇ ਦੀ ਲੋੜ। ਸੰਪਰਕ: 1-905-451-1716, +919876533403

ਕੈਨੇਡਾ ਪੀ ਆਰ ਲੜਕੀ ਲਈ ਵਰ ਦੀ ਲੋੜ, 1991/5'3", ਲਈ ਸ਼ੁਧ ਵੈਸ਼ਨੂੰ ਲੜਕੇ ਦੀ ਲੋੜ। ਕੈਨੇਡਾ ਨੂੰ ਪਹਿਲ। ਸੰਪਰਕ: 9855238175


ਜੱਟ ਸਿੱਖ 1996/5'-3", ਇੰਟਰਨੈਸ਼ਨਲ ਬਿਜ਼ਨੈੱਸ ਮੈਨੇਜਮੈਂਟ (ਕੈਨੇਡਾ ਪੀ-ਆਰ) ਲੜਕੀ ਲਈ ਕੈਨੇਡਾ ਪੀਆਰ/ਨਾਨ-ਪੀਆਰ ਲੜਕਾ ਚਾਹੀਦਾ ਹੈ। ਮਾਲਵੇ ਨੂੰ ਤਰਜੀਹ। ਸੰਪਰਕ: 9478403300

ਜੱਟ ਸਿੱਖ ਗਿੱਲ ਪਰਿਵਾਰ ਦੀ ਸੁੰਦਰ ਤੇ ਸੁਸ਼ੀਲ ਲੜਕੀ, ਜਨਮ ਮਿਤੀ 04-02-1991, ਕੱਦ 5 ਫੁੱਟ 3 ਇੰਚ, ਬੀਐਸਸੀ, ਐਮਐਸਸੀ (ਹਾਨਰਜ਼) ਬਾਇਓਫਿਜਿਕਸ + ਐਲਐਲਬੀ ਕੀਤੀ ਹੋਈ ਹੈ। ਆਈਲੈਟਸ ਵਿਚੋਂ 8 ਬੈਂਡ ਹਨ। ਐਕਸਪ੍ਰੈਸ ਐਂਟਰੀ ਵਿਚ ਇੰਡੀਆ ਤੋਂ ਕੈਨੇਡਾ ਪੀਆਰ ਦੀ ਫਾਈਲ ਲੱਗੀ ਹੋਈ ਹੈ। ਅੱਜ ਕੱਲ੍ਹ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਵਕੀਲ ਹੈ। ਲੜਕੀ ਨਾਨ ਵੈਜ ਖਾ ਲੈਂਦੀ ਹੈ। ਪੂਰਾ ਪਰਿਵਾਰ ਕੋਟਕਪੂਰਾ, ਜਿਲਾ ਫਰੀਦਕੋਟ, ਪੰਜਾਬ ਵਿਖੇ ਰਹਿ ਰਿਹਾ ਹੈ। ਨਿਊਕਲੀਅਰ ਪਰਿਵਾਰ ਹੈ, ਇਕ ਭਰਾ ਕੈਨੇਡਾ ਵਿਚ ਪੀਆਰ ਹੈ। ਲੜਕੀ ਦੇ ਪਿਤਾ ਪੰਜਾਬ ਪੁਲਸ ਵਿਚ ਨੌਕਰੀ ਕਰ ਰਹੇ ਹਨ। ਲੜਕੀ ਲਈ ਜੱਟ ਸਿੱਖ ਪਰਿਵਾਰ ਦੇ ਕੈਨੇਡਾ ਜਾਂ ਅਮਰੀਕਾ ਵਿਚ ਰਹਿੰਦੇ ਪੜ੍ਹੇ ਲਿਖੇ ਲੜਕੇ ਦੀ ਲੋੜ ਹੈ। ਸੰਪਰਕ:- ਕੈਨੇਡਾ +16476866500

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਉਮਰ 35 ਸਾਲ ਕੱਦ 5'11'' ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5'2" ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664







Allseas Fisheries Inc. is Hiring!
DZ licensed delivery drivers needed.
Pay is $24/hour. Full time, permanent
Should work any day of the week, including weekends.
If interested, please forward resume to rgidda@allseas.net






# ‘ਇੱਕ ਟਕੇ ਦਾ ਕਰਜ਼ਾ’ ਮੋੜਦਾ ਤੁਰ ਗਿਆ ਪੰਜਾਬੀਅਤ ਦਾ ਇੱਕ ਹੋਰ ਸੇਵਾਦਾਰ

ਜਤਿੰਦਰ ਪਨੂੰ ਦੀ ਕਲਮ ਤੋਂ

ਪੰਝੀ ਕੁ ਸਾਲ ਪੁਰਾਣੇ ਉਹ ਦਿਨ ਯਾਦ ਹਨ, ਜਦੋਂ ਮੈਨੂੰ ਕਿਹਾ ਗਿਆ ਕਿ ਕੈਨੇਡਾ ਚੱਲਿਆ ਹੈਂ, ਵੈਨਕੂਵਰ ਜਾਵੇਂਤਾਂ ਓਥੇ ਸਤਨਾਮ ਸਿੰਘ ਰੰਧਾਵੇ ਨੂੰ ਜ਼ਰੂਰ ਮਿਲੀਂ। ਮੈਂ ਭੁੱਲ ਗਿਆ ਸੀ। ਵੈਨਕੂਵਰ ਪਹੁੰਚੇ ਤਾਂ ਤੀਸਰੇ ਦਿਨ ਸੁਨੇਹਾ ਆ ਗਿਆ ਕਿ ਸਤਨਾਮ ਸਿੰਘ ਰੰਧਾਵਾ ਮਿਲਣ ਆ ਰਿਹਾ ਹੈ। ਮੈਨੂੰ ਯਾਦ ਵੀ ਨਹੀਂ ਸੀ ਕਿ ਇਹ ਬੰਦਾ ਹੈ ਕੌਣ ਅਤੇ ਕਾਹਦੇ ਲਈ ਮਿਲਣ ਆ ਰਿਹਾ ਹੈ। ਜਦੋਂ ਆਇਆ ਤਾਂ ਪਤਾ ਲੱਗਾ ਕਿ ਉਹ ਨਕੋਦਰ ਤੇ ਨੂਰਮਹਿਲ ਵਿਚਾਲੇ ਵੱਸਦੇ ਪਿੰਡ ਸੰਘੇ ਖਾਲਸਾ ਦਾ ਜੰਮ-ਪਲ ਹੈ ਤੇ ਤਿੰਨ ਸਮਾਜ ਸੇਵੀ ਪ੍ਰਵਾਸੀ ਪੰਜਾਬੀਆਂ ਦੇ ਗਰੁੱਪ ਵਿੱਚੋਂ ਇੱਕ ਹੈ, ਜਿਨ੍ਹਾਂ ਨੇ ਉਸ ਪਿੰਡ ਦੀ ਨੁਹਾਰ ਬਦਲਣ ਲਈ ਸਾਰਾ ਤਾਣ ਲਾਇਆ ਪਿਆ ਹੈ। ਅਗਲੇ ਮਹੀਨੇ ਉਹ ਪੰਜਾਬ ਆਣ ਪਹੁੰਚਾ। ਮੈਨੂੰ ਮਿਲਣ ਆਇਆ ਤਾਂ ਇੰਗਲੈਂਡ ਦੇ ਬਰਮਿੰਘਮ ਵਿੱਚ ਵੱਸਦਾ ਉਸ ਦਾ ਮਾਮੇ ਦਾ ਪੁੱਤਰ ਨਿਰਮਲ ਸਿੰਘ ਉਸ ਦੇ ਨਾਲ ਸੀ। ਸਤਨਾਮ ਸਿੰਘ ਰੰਧਾਵਾ ਨਾਨਕੇ ਪਿੰਡ ਪਲਿਆ ਸੀ ਤੇ ਨਿਰਮਲ ਸਿੰਘ ਦੇ ਪਰਵਾਰ ਦਾ ਜੱਦੀ ਪਿੰਡ ਸੀ। ਦੋਵਾਂ ਨੇ ਆਪਣੇ ਪਿੰਡ ਬੁਲਾਇਆ ਤਾਂ ਪਤਾ ਲੱਗਾ ਕਿ ਦੋਵੇਂ ਉਹ ਅਤੇ ਉਨ੍ਹਾਂ ਨਾਲ ਤੀਸਰਾ ਸੰਤੋਖ ਸਿੰਘ ਸੰਘਾ



ਇੱਕ ਵਾਰ ਵਿਦੇਸ਼ ਵਿੱਚ ਬੈਠੇ ਸਨ ਤਾਂ ਪਿੰਡ ਦੀ ਹਾਲਤ ਸੁਧਾਰਨ ਦਾ ਇਰਾਦਾ ਬਣਾਇਆ ਸੀ, ਜਿਸ ਦੇ ਹੁੰਗਾਰੇ ਵਿੱਚ ਉਨ੍ਹਾਂ ਦਾ ਸਾਰਾ ਪਿੰਡ ਜੁੱਟ ਗਿਆ ਸੀ।

ਓਦੋਂ ਅਜੇ ਪਿੰਡਾਂ ਵਿੱਚ ਅਜੋਕੇ ਨਸ਼ਿਆਂ ਦਾ ਵਹਿਣ ਨਹੀਂ ਸੀ ਪਹੁੰਚਿਆ, ਪਰ ਭੁੱਕੀ, ਅਫੀਮ ਅਤੇ ਸ਼ਰਾਬ ਕਈ ਘਰਾਂ ਨੂੰ ਸਿਉਂਕ ਵਾਂਗ ਤਬਾਹ ਕਰੀ ਜਾਂਦੀਆਂ ਸਨ। ਇਨ੍ਹਾਂ ਨੇ ਪਿੰਡ ਦੇ ਨੌਜਵਾਨਾਂ ਨੂੰ ਨਸ਼ਿਆਂ ਤੋਂ ਬਚਾਉਣ ਲਈ ਕਬੱਡੀ ਟੀਮ ਬਣਾ ਕੇ ਹਰ ਸਾਲ ਕਬੱਡੀ ਅਤੇ ਕੁਝ ਹੋਰ ਖੇਡਾਂ ਕਰਵਾਉਣ ਦਾ ਐਲਾਨ ਕੀਤਾ ਤਾਂ ਗੱਲ ਅੱਗੇ ਤੁਰ ਪਈ। ਅਗਲੇ ਸਾਲ ਆਏ ਤਾਂ ਇਸ ਪਿੰਡ ਦੇ ਵਿਦੇਸ਼ ਵੱਸਦੇ ਜਿੰਨੇ ਕੁ ਲੋਕ ਓਦੋਂ ਆਏ ਮਿਲ ਗਏ, ਉਨ੍ਹਾਂ ਦੀ ਮੀਟਿੰਗ ਕਰਵਾ ਕੇ ਕਿਹਾ ਕਿ ਆਪਾਂ ਪਿੰਡ ਦੇ ਵਿਚਾਲੇ ਬਣੇ ਛੱਪੜ ਨੂੰ ਭਰਨ ਦਾ ਕੰਮ ਕਰ ਦੇਈਏ ਤਾਂ ਜੁ ਕੋਈ ਬਿਮਾਰੀ ਨਾ ਫੈਲੇ ਅਤੇ ਪਿੰਡ ਸਾਫ ਸੁਥਰਾ ਵੀ ਹੋ ਜਾਵੇ। ਲੋਕਾਂ ਨੇ ਪੁੱਛਿਆ ਕਿ ਘਰਾਂ ਦਾ ਗੰਦਾ ਪਾਣੀ ਕਿੱਧਰ ਜਾਵੇਗਾ। ਨਿਰਮਲ ਸਿੰਘ ਸੰਘਾ ਨੇ ਇਸ ਬਾਰੇ ਯੋਜਨਾ ਪੇਸ਼ ਸਾਹਮਣੇ ਰੱਖ ਦਿੱਤੀ ਕਿ ਪਿੰਡ ਵਿੱਚ ਤੀਹ-ਤੀਹ ਫੁੱਟ ਡੂੰਘੇ ਦੋ ਖੂਹ ਪੁੱਟਾਂਗੇ, ਹੇਠੋਂ ਪੱਕੇ ਕਰ ਦਿੱਤੇ ਜਾਣਗੇ ਅਤੇ ਇੱਕ ਖੂਹ ਵਿੱਚ ਪੈਂਦਾ ਗੰਦਾ ਪਾਣੀ ਹੇਠੋਂ ਫਿਲਟਰ ਹੋ ਕੇ ਦੂਸਰੇ ਵਿੱਚ ਗਿਆ ਤਾਂ ਖੇਤਾਂ ਨੂੰ ਲਾਇਆ ਕਰਾਂਗੇ। ਕਈ ਲੋਕਾਂ ਨੂੰ ਯਕੀਨ ਨਹੀਂ ਸੀ ਆਇਆ, ਪਰ ਇਨ੍ਹਾਂ ਨੇ ਕਰ ਵਿਖਾਇਆ। ਖੂਹ ਉੱਤੇ ਡੀਜ਼ਲ ਇੰਜਨ ਲਵਾ ਦਿੱਤਾ, ਜਦੋਂ ਖੂਹ ਭਰਨ ਲੱਗਦੇ ਤਾਂ ਇੰਜਨ ਚਲਾ ਕੇ ਚਾਹਵਾਨ ਲੋਕਾਂ ਦੇ ਖੇਤਾਂ ਨੂੰ ਰੂੜੀ ਪਈ ਵਰਗਾ ਦਮਦਾਰ ਪਾਣੀ ਪੁਚਾ ਦਿੱਤਾ ਜਾਂਦਾ। ਫਿਰ ਘਰਾਂ ਦੀ ਵਾਟਰ ਸਪਲਾਈ ਸਕੀਮ ਆਈ ਤਾਂ ਕੁਝ ਹਿਸਾ ਸਰਕਾਰੀ ਫੰਡ ਦਾ ਅਤੇ ਬਹੁਤਾ ਇਸ ਓਵਰਸੀਜ਼ ਕਮੇਟੀ ਨੇ ਪਾਇਆ ਅਤੇ ਨਾਲ ਪਿੰਡ ਵਿੱਚ ਸੀਵਰੇਜ ਪਾਉਣ ਲਈ ਇਰਾਦਾ ਬਣਾ ਲਿਆ। ਪਿੰਡ ਵਿੱਚ ਤਿੰਨ ਤਰ੍ਹਾਂ ਦੀਆਂ ਨਾਲੀਆਂ ਵਿਛਾਉਣ ਦਾ ਕੰਮ ਸ਼ੁਰੂ ਕੀਤਾ ਗਿਆ, ਇੱਕ ਵਿੱਚ ਪਾਣੀ ਘਰਾਂ ਨੂੰ ਜਾਂਦਾ, ਦੂਸਰੀ ਵਿੱਚ ਸੀਵਰੇਜ ਦਾ ਗੰਦਾ ਪਾਣੀ ਇਨ੍ਹਾਂ ਦੋ ਖੂਹਾਂ ਵੱਲ ਤੇ ਨਾਲ ਬਰਸਾਤੀ ਪਾਣੀ ਲਈ ਵੱਖਰੀ ਪਾਈਪ ਵਿਛਾ ਕੇ ਸਾਰਾ ਪਾਣੀ ਚਾਰ ਪੁਰਾਣੇ ਖੂਹਾਂ ਵਿੱਚ ਪਾ ਦਿੱਤਾ, ਤਾਂ ਕਿਪਿੰਡ ਦਾ ਧਰਤੀ ਹੇਠਲਾ ਪਾਣੀ ਹੋਰ ਡੂੰਘਾ ਹੋਣ ਤੋਂ ਰੋਕ ਸਕੀਏ। ਤਿੰਨੇ ਸਕੀਮਾਂ ਸਫਲ ਹੋ ਗਈਆਂ ਤਾਂ ਗਲੀਆਂ ਵਿੱਚ ਇੰਟਰਲਾਕਿੰਗ ਟਾਈਲਾਂ ਤੇ ਸਟਰੀਟ ਲਾਈਟਾਂ ਲਾਉਣ ਦਾ ਕੰਮ ਵੀ ਓਵਰਸੀਜ਼ ਕਮੇਟੀ ਨੇ ਕਰਵਾ ਦਿੱਤਾ।

ਨਿਰਮਲ ਸਿੰਘ ਦੀ ਧੀ ਦੇ ਵਿਆਹ ਮੌਕੇ ਤਿੰਨੇ ਦੋਸਤ ਮਿਲੇ ਤਾਂ ਮੈਥੋਂ ਐਲਾਨ ਕਰਵਾ ਦਿੱਤਾ ਕਿ ਉਹ ਇੱਕ-ਇੱਕ ਲੱਖ ਰੁਪਏ ਦੇ ਕੇ ਸਾਂਝਾ ਫੰਡ ਖੋਲ੍ਹਣਗੇ। ਜਿਹੜੇ ਲੋਕ ਆਪਣੇ ਬੱਚੇ ਦਾ ਪੜ੍ਹਾਈ ਦਾ ਖਰਚ ਨਹੀਂ ਕਰ ਸਕਦੇ, ਉਨ੍ਹਾਂ ਲਈ ਖਰਚ ਇਸ ਫੰਡ ਤੋਂ ਕੀਤਾ ਜਾਵੇਗਾ। ਅਗਲੀ ਮਾਘੀ ਮੌਕੇ ਇੱਕ ਵੱਡੇ ਅਫਸਰ ਕੋਲੋਂ ਜਦੋਂ ਲੇਡੀ ਸਰਪੰਚ ਨੂੰ ਉਸ ਤਿੰਨ ਲੱਖ ਤੇ ਉਸ ਦੇ ਵਿਆਜ਼ ਦਾ ਚੈੱਕ ਦਿਵਾਇਆ ਤਾਂ ਅਫਸਰ ਨੇ ਕਿਹਾ ਕਿ ਪਿੰਡ ਵਾਲਿਉ, ਜ਼ਰਾ ਕੁ ਸੰਭਾਲ ਕੇ ਵਰਤਿਉ, ਪੈਸੇ ਮੁਕਾ ਨਾ ਲਿਉ। ਸਾਹਮਣੇ ਬੈਠਾ ਪਿੰਡ ਦਾ ਇੱਕ ਐੱਨ ਆਰ ਆਈ ਬਜ਼ੁਰਗ ਬੋਲਿਆ, ਜਨਾਬ ਇਹ ਨਹੀਂ ਮੁੱਕਣੇ, ਇਸ ਵਿੱਚ ਪੰਜਾਹ ਹਜ਼ਾਰ ਖੜੇ ਪੈਰ ਮੇਰੇ ਜਮ੍ਹਾ ਕਰ ਲਉ। ਇੱਕ ਹੋਰ ਨੇ ਉੱਠ ਕੇ ਇਹ ਹੀਕਿਹਾ ਤਾਂ ਨਵੀਂ ਪਿਰਤ ਪੈ ਗਈ। ਓਦੋਂ ਤੋਂ ਉਸ ਫੰਡ ਵਿੱਚੋਂ ਪਿੰਡ ਦੇ ਧੀਆਂ-ਪੁੱਤਾਂ ਦੀ ਹਰ ਸਾਲ ਮਦਦ ਕੀਤੀ ਜਾਂਦੀ ਹੈ, ਪਰ ਫੰਡ ਮੁੱਕਦਾ ਨਹੀਂ, ਵਧਦਾ ਗਿਆ ਅਤੇ ਅੱਜ ਪੰਝੀ ਲੱਖ ਦੇ ਕਰੀਬ ਓਵਰਸੀਜ਼ ਕਮੇਟੀ ਦੇ ਖਾਤੇ ਵਿੱਚ ਪਏ ਹਨ। ਪਿੰਡ ਵਿੱਚ ਪਿਰਤ ਪੈ ਗਈ ਕਿ ਕਿਸੇ ਘਰ ਖੁਸ਼ੀ ਹੋਵੇ ਜਾਂ ਸੋਗ ਦਾ ਮੌਕਾ, ਦੁਨੀਆ ਵਿੱਚ ਕਿਤੇ ਵੀ ਵੱਸਦੇ ਹੋਣ, ਸਭ ਤੋਂ ਪਹਿਲਾਂ ਉਹ ਆਪਣੇ ਪਿੰਡ ਦਾ ਵਿਕਾਸ ਕਰਦੀ ਓਵਰਸੀਜ਼ ਕਮੇਟੀ ਦਾ ਹਿਸਾ ਕੱਢਦੇ ਹਨ। ਸਮੁੰਦਰੀ ਜਹਾਜ਼ਾਂ ਤੋਂ ਸੀਵਰੇਜ ਦਾ ਗੰਦ ਸਮੁੰਦਰ ਵਿੱਚ ਨਹੀਂ ਸੁੱਟਿਆ ਜਾਂਦਾ, ਜਹਾਜ਼ਾਂ ਵਿੱਚ ਲਾਈ ਟਰੀਟਮੈਂਟ ਮਸ਼ੀਨ ਗੰਦਾ ਪਾਣੀ ਸਾਫ ਕਰ ਕੇ ਸੁੱਟਦੀ ਹੈ। ਪੰਜਾਬ ਦਾ ਇਹ ਸ਼ਾਇਦ ਪਹਿਲਾ ਪਿੰਡ ਸੀ, ਜਿੱਥੇ ਸਮੁੰਦਰੀ ਜਹਾਜ਼ਾਂ ਵਿੱਚ ਲੱਗਦੀ ਆਧੁਨਿਕ ਮਸ਼ੀਨ ਲਾਈ ਗਈ। ਪਰਦੂਸ਼ਣ ਕੰਟਰੋਲ ਬੋਰਡ ਵਾਲਿਆਂ ਤੇ ਮੰਤਰੀਆਂ ਨੇ ਆ ਕੇ ਵੇਖਿਆ ਕਿ ਇਸ ਮਸ਼ੀਨ ਤੋਂ ਨਿਕਲਿਆ ਪਾਣੀ ਨਗਰ ਪਾਲਿਕਾ ਦੀ ਪਾਣੀ ਦੀ ਟੂਟੀ ਤੋਂ ਵੱਧ ਸਾਫ ਸੀ, ਮਨੁੱਖੀ ਸਿਧਾਂਤ ਵਜੋਂ ਇਹ ਪੀਣ ਲਈ ਨਹੀਂ ਵਰਤਣਾ, ਪਰ ਖੇਤੀ ਤੇ ਹੋਰ ਕੰਮਾਂ ਲਈ ਵਰਤਿਆ ਜਾ ਸਕਦਾ ਹੈ। ਉਹ ਪਲਾਂਟ ਚਲਾਉਣ ਲਈ ਬਿਜਲੀ ਚਾਹੀਦੀ ਸੀ, ਇਸ ਮਕਸਦ ਵਾਸਤੇ ਵੱਡਾ ਸੋਲਰ ਪਲਾਂਟ ਲਾਇਆ ਗਿਆ, ਜਿਸ ਦੀ ਬਿਜਲੀ ਪੰਜਾਬ ਦੀ ਬਿਜਲੀ ਕਾਰਪੋਰੇਸ਼ਨ ਪਾਵਰਕਾਮ ਨੂੰ ਪਹੁੰਚਦੀ ਹੈ ਅਤੇ ਓਥੋਂ ਸੀਵਰੇਜ ਟਰੀਟਮੈਂਟ ਪਲਾਂਟ ਨੂੰ ਮਿਲਦੀ ਹੈ। ਮਹੀਨਾ ਪੂਰਾ ਹੋਣ ਪਿੱਛੋਂ ਵੱਧ ਬਿਜਲੀ ਬਣ ਗਈ ਤੇ ਘੱਟ ਵਰਤੀਹੋਵੇ ਤਾਂ ਵਧਦੇ ਪੈਸੇ ਪੰਚਾਇਤ ਦੇ ਖਾਤੇ ਵਿੱਚ ਪੈ ਜਾਂਦੇ ਹਨ, ਪਰ ਜਦੋਂ ਘੱਟ ਬਣੀ ਅਤੇ ਵੱਧ ਵਰਤੀ ਜਾਵੇ ਤਾਂ ਉਸ ਮੁਤਾਬਕ ਪਾਵਰਕਾਮ ਨੂੰ ਬਿੱਲ ਭਰ ਦਿੱਤਾ ਜਾਂਦਾ ਹੈ। ਸੋਲਰ ਸਿਸਟਮ ਤੇ ਟਰੀਟਮੈਂਟ ਪਲਾਂਟ ਦੋਵੇਂ ਠੀਕ ਚੱਲੀ ਜਾਂਦੇ ਹਨ।

ਜਦੋਂ ਪੰਜਾਬ ਸਰਕਾਰ ਨੇ ਧੀਆਂ ਲਈ ਸ਼ਗਨ ਦੇਣ ਦੀ ਸਕੀਮ ਸ਼ੁਰੂ ਕੀਤੀ ਤਾਂ ਏਥੇ ਓਵਰਸੀਜ਼ ਕਮੇਟੀ ਨੇ ਕਹਿ ਦਿੱਤਾ ਕਿ ਜਿੰਨੇ ਪੈਸੇ ਸਰਕਾਰ ਦੇਵੇਗੀ, ਓਨੇ ਪੈਸੇ ਕਮੇਟੀ ਵੀ ਖਰਚੇਗੀ ਅਤੇ ਨਕਦ ਪੈਸੇ ਨਹੀਂ, ਸੰਬੰਧਤ ਲੜਕੀ ਅਤੇ ਉਸ ਦੇ ਮਾਂ-ਬਾਪ ਨੂੰ ਨਾਲ ਲਿਜਾ ਕੇ ਉਸ ਦੀ ਲੋੜ ਦੀਆਂ ਵਸਤਾਂ ਲੈ ਕੇ ਦੇਵੇਗੀ, ਖਰਚਾ ਵੱਧ ਹੁੰਦਾ ਹੈ ਤਾਂ ਉਹ ਵੀ





ਕਰ ਦਿੱਤਾ ਜਾਵੇਗਾ। ਪਿੰਡ ਵਿੱਚ ਇੱਕ ਐੱਨ ਆਰ ਆਈ ਨਾਜ਼ਰ ਸਿੰਘ ਹੁਰਾਂ ਦਾ ਘਰ ਵਿਹਲਾ ਪਿਆ ਸੀ, ਉਸ ਨੂੰ ਫੋਨ ਕੀਤਾ ਕਿ ਬੱਚਿਆਂ ਲਈ ਸਕੂਲ ਬਣਾ ਦੇਈਏ, ਉਸ ਨੇ ਜੱਕੋਤੱਕੇ ਵਿੱਚ ਹਾਂ ਕਰ ਦਿੱਤੀ। ਸਕੂਲ ਬਣਨਾ ਸ਼ੁਰੂ ਹੋਇਆ ਤਾਂ ਉਹ ਸੱਜਣ ਕੁਝ ਦਿਨ ਬਾਅਦ ਆਪਣੇ ਪਿੰਡ ਆ ਗਿਆ, ਲੋਕੀਂ ਕਹਿਣ ਕਿ ਕਿਸੇ ਨੇ ਚੁੱਕ ਦਿੱਤਾ ਤਾਂ ਉਹ ਆਪਣਾ ਘਰ ਛੁਡਾ ਲਵੇਗਾ। ਦੂਸਰੇ ਦਿਨ ਉਹ ਐੱਨ ਆਰ ਆਈ ਓਥੇ ਆਇਆ ਤੇ ਸਕੂਲ ਬਣਦਾ ਵੇਖ ਕੇ ਕਹਿਣ ਲੱਗਾ ਕਿ ਏਹੋ ਜਿਹੇ ਕੰਮ ਲਈ ਖਰਚ ਵੀ ਲੱਗਣਾ ਹੈ, ਘਰ ਤਾਂ ਦਿੱਤਾ ਹੈ, ਇੱਕ ਲੱਖ ਰੁਪਏਫੜੋ,ਬੱਸ ਇਹ ਕੰਮ ਰੁਕਣ ਨਾ ਦਿਉ। ਦੋਆਬੇ ਵਿੱਚ ਆਮ ਤੌਰ ਉੱਤੇ ਕਿਸੇ ਦੇ ਘਰ ਦਾ ਜੀਅ ਵਿਛੋੜਾ ਦੇ ਜਾਵੇ ਤਾਂ ਪਹੁੰਚ ਵਾਲੇ ਲੋਕ ਉਸ ਪਿੰਡ ਦੇ ਬਾਹਰ ਕੁਝ ਗੇਟ ਵਗੈਰਾਬਣਾਉਣ ਦਾ ਕੰਮ ਕਰਦੇ ਹਨ, ਇਸ ਓਵਰਸੀਜ਼ ਕਮੇਟੀ ਨੇ ਪਿਰਤ ਬਦਲ ਦਿੱਤੀ। ਵਿਦੇਸ਼ ਵੱਸਦੇ ਪਿੰਡ ਦੇ ਇੱਕ ਕਮੇਟੀ ਮੈਂਬਰ ਦੀ ਯਾਦ ਤਾਜ਼ਾ ਰੱਖਣ ਲਈ ਪਰਵਾਰ ਨੇ ਓਵਰਸੀਜ਼ ਕਮੇਟੀ ਤੋਂ ਪੁੱਛਿਆ ਕਿ ਕੀ ਕਰੀਏ ਤੇਓਵਰਸੀਜ਼ ਕਮੇਟੀ ਦੀ ਸਲਾਹ ਮੰਨ ਕੇ ਤਿੰਨ ਪਿੰਡਾਂ ਵਿਚਾਲੇ ਆਧੁਨਿਕ ਪੱਧਰ ਦਾ ਜਿੰਮ ਬਣਵਾ ਦਿੱਤਾ, ਜਿੱਥੇ ਸਵੇਰ ਵੇਲੇ ਤਿੰਨ ਪਿੰਡਾਂ ਦੀਆਂ ਧੀਆਂ ਆ ਸਕਦੀਆਂ ਹਨ ਅਤੇ ਦੋਪਹਿਰ ਦੇ ਬਾਅਦ ਨੌਜਵਾਨਾਂ ਨੂੰ ਖੁੱਲ੍ਹਾ ਮੌਕਾ ਮਿਲਦਾ ਹੈ। ਇਸ ਜਿੰਮ ਵਿੱਚ ਕੀਤੀ ਹੋਈ ਮਿਹਨਤ ਨਾਲ ਕਈ ਬੱਚਿਆਂ ਨੂੰ ਸਰਕਾਰੀ ਨੌਕਰੀਆਂ ਲਈ ਸਰੀਰਕ ਟੈੱਸਟ ਦੇਣ ਦੀ ਮਦਦ ਮਿਲੀ ਹੈ। ਏਦਾਂ ਦੇ ਬਹੁਤ ਸਾਰੇ ਕੰਮ ਇਸ ਪਿੰਡ ਦੀ ਉਸ ਓਵਰਸੀਜ਼ ਕਮੇਟੀ ਨੇ ਕੀਤੇ ਹਨ।

ਇਹੀ ਨਹੀਂ, ਏਸ਼ੀਆ ਦੇ ਕਈ ਦੇਸ਼ਾਂ ਵਿੱਚ ਜਦੋਂ ਸੁਨਾਮੀ ਆਈ ਤੇ ਬਹੁਤ ਸਾਰੀ ਤਬਾਹੀ ਹੋਈ ਤਾਂ ਵਿਦੇਸ਼ ਵਿੱਚ ਬੈਠੇ ਇਸ ਪਿੰਡ ਦੇ ਪਰਵਾਸੀਆਂ ਨੇ ਮੀਟਿੰਗ ਕਰ ਕੇ ਸਹਾਇਤਾ ਭੇਜਣ ਦਾ ਮਨ ਬਣਾਇਆ। ਫਿਰ ਮਦਦ ਭੇਜਣ ਦੀ ਥਾਂ ਓਥੇ ਜਾ ਕੇ ਲੋੜਵੰਦਾਂ ਦੀ ਮਦਦ ਆਪ ਕਰਨ ਦੀ ਸਲਾਹ ਬਣੀ। ਨਿਰਮਲ ਸਿੰਘ ਨੇ ਆਪਣੇ ਨਾਲ ਪੰਜਾਬ ਤੋਂ ਇੱਕ ਸਾਥੀ ਹੋਰ ਲਿਆ ਅਤੇ ਹਵਾਈ ਟਿਕਟਾਂ ਤੇ ਟਿਕਾਅ ਦੇ ਸਾਰੇ ਖਰਚੇ ਪੱਲਿਓਂ ਕਰ ਕੇ ਤਾਮਿਲ ਨਾਡੂ ਵਿੱਚ ਘਰ-ਘਰ ਪਹੁੰਚ ਕੇ ਲੋਕਾਂ ਦੀ ਮਦਦ ਕੀਤੀ, ਜਿਸ ਦੀ ਤਾਰੀਫ ਸੰਬੰਧਤ ਇਲਾਕੇ ਦੇ ਡਿਪਟੀ ਕਮਿਸ਼ਨਰ ਨੇ ਕੀਤੀ ਸੀ। ਉਸ ਦੀ ਚਿੱਠੀ ਪਤਾ ਨਹੀਂ ਕਿਸੇ ਨੇ ਸੰਭਾਲੀ ਹੋਵੇਗੀ ਕਿ ਨਹੀਂ, ਪਰ ਏਦਾਂ ਦਾ ਕੰਮ ਉਨ੍ਹਾਂਕੋਈ ਇੱਕ-ਅੱਧ ਨਹੀਂ ਸੀ ਕੀਤਾ, ਕੰਮਾਂ ਦੀ ਲੜੀ ਚੱਲਦੀ ਰੱਖਦਾ ਸੀ ਨਿਰਮਲ ਸਿੰਘ ਤੇ ਸਾਥ ਦੇਂਦੇ ਹੁੰਦੇ ਸਨ ਪਿੰਡ ਸੰਘੇ ਖਾਲਸਾ ਦੇ ਲੋਕ। ਆਪਣੇ ਪਿੰਡ ਵਿੱਚ ਹੀ ਨਹੀਂ, ਇਲਾਕੇ ਵਿੱਚ ਵੀ ਵਿਕਾਸ ਦੇ ਕੰਮਾਂ ਲਈ ਉਹ ਕਈ ਵਾਰੀ ਸਰਪੰਚਾਂ-ਪੰਚਾਂ ਦੇ ਸੈਮੀਨਾਰ ਆਪਣੇ ਪਿੰਡ ਵਿੱਚ ਕਰਾਇਆ ਕਰਦਾ ਸੀ ਅਤੇ ਉਨ੍ਹਾਂ ਦੀ ਮਦਦ ਲਈ ਪੇਸ਼ਕਸ਼ ਹੀ ਨਹੀਂ ਸੀ ਕਰਦਾ, ਪੂਰੀ ਮਦਦ ਵੀ ਕਰਨ ਜਾਂਦਾ ਸੀ।

ਸਮਾਜ ਸੇਵਾ ਦੇ ਬਹੁਤ ਸਾਰੇ ਕੰਮ ਕੀਤੇ ਹਨ, ਪਰ ਅੱਜ ਤੱਕ ਕਿਸੇ ਤੋਂ ਮੰਗਿਆ ਕੁਝ ਨਹੀਂ, ਇਸ ਪਿੰਡ ਦੇ ਲੋਕਾਂ ਨੇ ਇਨ੍ਹਾਂ ਵੱਲੋਂ ਕੀਤੀ ਗਈ ਪਹਿਲ ਨੂੰ ਤਿੰਨ ਜਣਿਆਂ ਸਤਨਾਮ ਸਿੰਘ ਰੰਧਾਵਾ, ਨਿਰਮਲ ਸਿੰਘ ਸੰਘਾ ਤੇ ਸੰਤੋਖ ਸਿੰਘ ਦੀ ਨਹੀਂ ਸੀਰਹਿਣ ਦਿੱਤਾ, ਸਮੁੱਚੇ ਪਿੰਡ ਦਾ ਜ਼ਿੰਮਾ ਮੰਨ ਲਿਆ ਸੀ। ਨਤੀਜਾ ਇਹ ਨਿਕਲਿਆ ਕਿ ਦੁਨੀਆ ਭਰ ਦੇ ਕਿਸੇ ਵੀ ਦੇਸ਼ ਵਿੱਚ ਵੱਸਦੇ ਪਿੰਡ ਦੇ ਲੋਕ ਖੁਦ ਆਵਾਜ਼ ਮਾਰ ਕੇ ਆਖਦੇ ਹਨ ਕਿ ਅਸੀਂ ਪੈਸੇ ਭੇਜਣੇ ਹਨ, ਓਵਰਸੀਜ਼ ਕਮੇਟੀ ਦਾ ਖਾਤਾ ਨੰਬਰ ਦਿਓ। ਹਰ ਸਾਲ ਮਾਘੀ ਮੌਕੇ ਪਿੰਡ ਵਿੱਚ ਆਏ ਹੋਏ ਪਰਵਾਸੀ ਪੰਜਾਬੀਆਂ ਦਾ ਇਕੱਠ ਹੁੰਦਾ ਹੈ ਤੇ ਜਿਹੜਾ ਉਮਰ ਵਿੱਚ ਸਭ ਤੋਂ ਵੱਡਾ ਹੋਵੇ, ਪ੍ਰਧਾਨਗੀ ਉਸ ਦੀ ਕਰਵਾ ਕੇ ਮੀਟਿੰਗ ਮੁੱਕਦੀ ਨਾਲ ਹੀ ਪ੍ਰਧਾਨਗੀ ਖਤਮ ਹੋ ਜਾਂਦੀ ਹੈ, ਅਗਲੀ ਮਾਘੀ ਮੌਕੇ ਕੋਈ ਹੋਰ ਪ੍ਰਧਾਨ ਹੁੰਦਾ ਹੈ, ਪਰ ਕੰਮ ਸਾਰਾ ਸਾਲ ਚੱਲਦਾ ਜਾਂਦਾ ਹੈ। ਅੱਜਕੱਲ੍ਹ ਪਿੰਡ ਦੇ ਬਾਹਰਵਾਰ ਗੁਰਦੁਆਰਾ ਸਾਹਿਬ ਦੇ ਨਾਲ ਖਾਲੀ ਪੰਚਾਇਤੀ ਥਾਂ ਉੱਤੇ ਪਿੰਡ ਦੀ ਲੋੜ ਲਈ ਹੇਠਾਂ ਇੱਕ ਕਾਰ ਪਾਰਕ ਤੇ ਉਸ ਉੱਪਰ ਕਮਿਊਨਿਟੀ ਹਾਲ ਬਣਾਉਣ ਦਾ ਕੰਮ ਉਲੀਕਿਆ ਪਿਆ ਹੈ, ਤਾਂ ਜੋ ਲੋੜਵੰਦ ਲੋਕਾਂ ਨੂੰ ਮੈਰਿਜ ਪੈਲਸਾਂ ਦੇ ਮਹਿੰਗੇ ਖਰਚ ਤੋਂ ਲੱਗੀ ਵਾਹ ਬਚਾਇਆ ਜਾ ਸਕੇ। ਏਦਾਂ ਦੇ ਕਈ ਹੋਰ ਪ੍ਰਜੈਕਟ ਵੀ ਉਲੀਕੇ ਹੋਏ ਹਨ।ਪਿੰਡ ਦੀਆਂ ਗਲੀਆਂ ਵਿੱਚ ਸੀ ਸੀ ਟੀ ਵੀ ਕੈਮਰੇ ਲਾਏ ਜਾ ਰਹੇ ਹਨ। ਨਿਰਮਲ ਸਿੰਘ ਹੱਸ ਕੇ ਕਹਿੰਦਾ ਹੁੰਦਾ ਸੀ, ਜਦੋਂ ਪੰਜਾਬ ਵਿੱਚ ਰਾਤ ਹੋਵੇ, ਸਾਡੇ ਵੱਲ ਦਿਨ ਹੁੰਦਾ ਹੈ, ਤੁਸੀਂ ਪਿੰਡ ਵਾਲਿਉ ਆਰਾਮ ਨਾਲ ਨੀਂਦ ਦਾ ਸੁੱਖ ਮਾਣਿਓ, ਅਸੀਂ ਓਥੇ ਬੈਠੇ ਇਨ੍ਹਾਂ ਕੈਮਰਿਆਂ ਵੱਲ ਦਿਨੇ ਵੇਖਦੇ ਰਿਹਾਂ ਕਰਾਂਗੇ ਤੇ ਜੇ ਕਿਤੇ ਕੋਈ ਮਾੜਾ ਬੰਦਾ ਦਿੱਸੇ ਤਾਂ ਨੇੜਲੇ ਘਰਾਂ ਨੂੰ ਫੋਨ ਕਰ ਕੇ ਬਚਣ ਨੂੰ ਕਹਿ ਦਿਆ ਕਰਾਂਗੇ ਅਤੇ ਹਰ ਕੋਈ ਐੱਨ ਆਰ ਆਈ ਆਪਣੀ ਗਲੀ ਦੇ ਕੈਮਰੇ ਦਾ ਕੋਡ ਲੈ ਸਕੇਗਾ।

ਏਦਾਂ ਦਾ ਇੱਕ ਮੌਕਾ ਸੀ, ਜਦੋਂ ਜਲੰਧਰ ਦੇ ਡਿਪਟੀ ਕਮਿਸ਼ਨਰ ਸੋਮ ਪ੍ਰਕਾਸ਼, ਜਿਹੜੇ ਅੱਜ ਕੱਲ੍ਹ ਕੇਂਦਰ ਸਰਕਾਰ ਦੇ ਰਾਜ ਮੰਤਰੀ ਹਨ, ਇਸ ਪਿੰਡ ਵਿੱਚ ਆਏ ਤਾਂ ਸਾਰਾ ਕੁਝ ਵੇਖਣ ਪਿੱਛੋਂ ਪੁੱਛ ਬੈਠੇ ਸਨ: ਤੁਸੀਂ ਵਿਦੇਸ਼ ਵਿੱਚ ਸੁਖਾਲੀ ਜ਼ਿੰਦਗੀ ਮਾਣ ਰਹੇ ਹੋ, ਉਹ ਕਿਹੜੀ ਗੱਲ ਹੈ, ਜਿਹੜੀ ਤੁਹਾਨੂੰ ਮੁੜ-ਮੁੜ ਪਿੰਡ ਲਈ ਕੁਝ ਕਰਨ ਨੂੰ ਪ੍ਰੇਰਦੀ ਹੈ? ਇਸ ਦੇ ਜਵਾਬ ਵਿੱਚ ਸਤਨਾਮ ਸਿੰਘ ਰੰਧਾਵਾ ਨੇ ਕਿਹਾ ਸੀ: ‘ਇਸ ਪਿੰਡ ਦੇ ਸਰਕਾਰੀ ਸਕੂਲ ਵਿੱਚ ਨੰਗੇ ਪੈਰੀ ਜਾਂਦੇ ਹੁੰਦੇ ਸਾਂ ਅਤੇ ਇੱਕ ਟਕਾ ਫੀਸ ਦੇ ਕੇ ਅਸੀਂ ਪੜ੍ਹੇ ਸਾਂ। ਅੱਜਕੱਲ੍ਹ ਜਦੋਂ ਬੈਠੀਏ ਤਾਂ ਸਾਡੀ ਸਾਂਝੀ ਰਾਏ ਹੁੰਦੀ ਹੈ ਕਿ ਪਿੰਡ ਦੀ ਮਿੱਟੀ ਵਿੱਚ ਇੱਕ ਟਕਾ ਫੀਸ ਵਾਲਾ ਸਕੂਲ ਨਾ ਹੁੰਦਾ ਤਾਂ ਅਸੀਂ ਸ਼ਾਇਦ ਇੰਗਲੈਂਡ, ਕੈਨੇਡਾ, ਅਮਰੀਕਾ ਨਾ ਪੁੱਜ ਸਕਦੇ। ਸਾਡੇ ਪਿੰਡ ਦੇ ਸਕੂਲ ਦੀ ਇੱਕ ਟਕਾ ਫੀਸ ਸਾਨੂੰ ਸਾਡੇ ਸਿਰ ਪਿੰਡ ਦਾ ਇੱਕ ਟਕੇ ਦਾ ਕਰਜ਼ਾ ਲੱਗਦਾ ਹੈ, ਅਸੀਂ ਸਮੁੱਚੀ ਉਮਰ ਲਾ ਦੇਈਏ ਤਾਂ ਕਰਜ਼ਾ ਲਾਹਿਆ ਨਹੀਂ ਜਾਣਾ, ਇਸ ਲਈ ਹਰ ਸਾਲ ਉਸ ਦੀ ਕਿਸ਼ਤ ਦੇਣ ਆਉਂਦੇ ਹਾਂ।’ ਸੋਮ ਪ੍ਰਕਾਸ਼ ਨੇ ਜੱਫੀ ਵਿੱਚ ਲੈ ਕੇ ਕਿਹਾ ਸੀ, ਪੰਜਾਬ ਨੂੰ ਇਹੋ ਜਿਹੇ ਪੁੱਤਰਾਂ ਦੀ ਲੋੜ ਹੈ। ਅਗਲੇ ਸਾਲ ਜਦੋਂ ਉਹ ਤਿੰਨੇ ਜਣੇ ਆਏ ਤਾਂ ਇੱਕ ਰਾਤ ਸਤਨਾਮ ਸਿੰਘ ਰੰਧਾਵਾ ਮੈਨੂੰ ਅਤੇ ਨਿਰਮਲ ਸਿੰਘ ਸੰਘਾ ਨੂੰ ਕਹਿ ਕੇ ਗਿਆ ਕਿ ਰਾਤੋ ਰਾਤ ਦਿੱਲੀ ਜਾਣਾ ਹੈ, ਕੱਲ੍ਹ ਸ਼ਾਮ ਨੂੰ ਮੁੜ ਆਵਾਂਗਾ। ਸਵੇਰੇ ਛੇ ਵਜੇ ਖਬਰ ਆ ਗਈ ਕਿ ਪਾਣੀਪਤ ਲਾਗੇ ਹਾਦਸਾ ਹੋ ਗਿਆ ਤੇ ਉਹ ਸਾਨੂੰ ਵਿਛੋੜਾ ਦੇ ਗਿਆ ਸੀ। ਸਾਰੇ ਪਿੰਡ ਨੇ ਬਾਕੀ ਕੰਮ ਸਤਨਾਮ ਸਿੰਘ ਨੂੰ ਸ਼ਰਧਾਂਜਲੀ ਵਾਂਗ ਚਾਲੂ ਰੱਖੇ ਸਨ। ਇਸ ਫਰਵਰੀ ਦੀ ਬਾਈ ਤਰੀਕ ਨੂੰ ਨਿਰਮਲ ਸਿੰਘ ਸੰਘਾ ਦਿਲ ਦੇ ਦੌਰੇ ਨਾਲ ਤੁਰ ਗਿਆ। ਨਿਰਮਲ ਸਿੰਘ ਨਹੀਂ, ਉਸ ਪਿੰਡ ਦਾ ‘ਇੱਕ ਟਕੇ ਦਾ ਕਰਜ਼ਾ’ ਮੋੜਨ ਵਾਲਾ ਇਹੋ ਜਿਹਾ ਦੂਜਾ ਪੁੱਤਰ ਵੀ ਤੁਰ ਗਿਆ, ਜਿਹੜਾ ਨਿਵੇਕਲੇ ਕੰਮਾਂ ਨਾਲ ਪੰਜਾਬੀਅਤ ਦੀ ਰਾਤ-ਦਿਨ ਸੇਵਾ ਕਰੀ ਜਾਣ ਨੂੰ ਸਮੱਰਪਤ ਸੀ। ਉਹਦੇ ਜਿਹਾ ਹੋਰ ਕੋਈ ਨਹੀਂ ਹੋ ਸਕਦਾ।




# ਇਕੱਲੇਪਣ ਦੀ ਪਕੜ

-ਵਿਜੈ ਗਰਗ-



ਖਬਰਾਂ ਮੁਤਾਬਕ ਕੁਝ ਦਿਨ ਪਹਿਲਾਂ ਆਪਣੀ ਜ਼ਿੰਦਗੀ ਦੇ ਸੱਤ ਦਹਾਕੇ ਪੂਰੇ ਕਰ ਚੁੱਕੇ ਇਕ ਪ੍ਰੋਫੈਸਰ ਨੇ ਘਰੇਲੂ ਕਲੇਸ਼ ਕਾਰਨ ਫਾਹਾ ਲੈ ਲਿਆ। ਆਸਪਾਸ ਦੇ ਲੋਕਾਂ ਨੇ ਦੱਸਿਆ ਕਿ ਉਸ ਦੇ ਘਰ ਹਰ ਰੋਜ਼ ਲੜਾਈ ਝਗੜੇ ਹੁੰਦੇ ਸਨ ਜਿਸ ਕਾਰਨ ਉਸ ਨੇ ਆਤਮ ਹੱਤਿਆ ਦਾ ਕਦਮ ਚੁੱਕਿਆ। ਪਰ ਘਰੇਲੂ ਕਲੇਸ਼ ਦੀ ਥਾਂ ਕੋਟਾ ਜੋ ਕਿ ਲੰਮੇ ਸਮੇਂ ਤੱਕ ਇੰਜੀਨੀਅਰਾਂ, ਡਾਕਟਰਾਂ ਅਤੇ ਹੋਰ ਵਿੱਦਿਅਕ ਵਸਤਾਂ ਦੀ ਫੈਕਟਰੀ ਸੀ, ਅੱਜ ਆਪਣੇ ਸੁਪਨੇ ਲੈ ਕੇ ਉਥੇ ਆਏ ਨੌਜਵਾਨਾਂ ਦੀਆਂ ਖੁਦਕੁਸ਼ੀਆਂ ਦੇ ਕੇਂਦਰ ਵਜੋਂ ਜਾਣਿਆ ਜਾਂਦਾ ਹੈ। ਅਜਿਹੇ ਦੁਖਾਂਤ ਸਮਾਜ ਦੇ ਹੋਰ ਖੇਤਰਾਂ ਵਿੱਚ ਵੀ ਵਾਪਰਦੇ ਹਨ।ਘਟਨਾਵਾਂ ਦੀ ਗਿਣਤੀ ਵਧ ਰਹੀ ਹੈ। ਇਹ ਗਿਣਤੀ ਸਮਾਜ ਦੇ ਹਰ ਪੱਧਰ ਦੇ ਲੋਕਾਂ ਵਿੱਚ ਵਧੀ ਹੈ ਜਿਸ ਵਿੱਚ ਮਰਦ ਅਤੇ ਔਰਤਾਂ, ਪੜ੍ਹੇ-ਲਿਖੇ ਅਤੇ ਅਨਪੜ੍ਹ, ਗਰੀਬ ਅਤੇ ਅਮੀਰ ਸ਼ਾਮਲ ਹਨ। ਮਸਲਾ ਜਾਂ ਖੇਤਰ ਕੋਈ ਵੀ ਹੋਵੇ, ਸਮਾਜ ਦੇ ਵੱਖ-ਵੱਖ ਵਰਗਾਂ ਅਤੇ ਵਾਤਾਵਰਨ ਤੋਂ ਭੱਜ ਰਹੇ ਲੋਕਾਂ ਦੀਆਂ ਤਸਵੀਰਾਂ ਜ਼ਰੂਰ ਚਿੰਤਾਜਨਕ ਹਨ। ਲੋਕਾਂ ਵਿੱਚ ਵੱਧ ਰਿਹਾ ਖੁਦਕੁਸ਼ੀ ਦਾ ਰੁਝਾਨ ਸਾਨੂੰ ਇਹ ਸੋਚਣ ਲਈ ਮਜ਼ਬੂਰ ਕਰਦਾ ਹੈ ਕਿ ਸਾਡੀ ਹਾਲਤ ਕੀ ਹੈ ਅਤੇ ਦਿਸ਼ਾ ਕਿੱਥੇ ਹੈ। ਤਬਦੀਲੀ ਦੀ ਹਵਾ ਜਿਸ ਦਾ ਅਸੀਂ ਸੁਪਨਾ ਦੇਖਿਆ ਸੀ ਅਤੇ ਵਿਕਾਸ ਦੇ ਰਾਹ ਜੋ ਸਾਡੇ ਸਮਾਜ, ਸਰਕਾਰ ਅਤੇ ਪ੍ਰਣਾਲੀ ਨੇ ਇਸ ਲਈ ਸਵੀਕਾਰ ਕੀਤੇ ਸਨ, ਅਤੇਇਹ ਕਿੰਨਾ ਸਹੀ ਅਤੇ ਕਿੰਨਾ ਗਲਤ ਹੈ! ਜੇਕਰ ਅਸੀਂ ਭਾਰਤੀ ਸਭਿਅਤਾ ਦੇ ਵਿਕਾਸ ਦੀ ਸ਼ੁਰੂਆਤ ਤੋਂ ਲੈ ਕੇ ਹੁਣ ਤੱਕ ਦੇ ਦੌਰ 'ਤੇ ਨਜ਼ਰ ਮਾਰੀਏ ਤਾਂ ਸਾਨੂੰ ਪਤਾ ਲੱਗੇਗਾ ਕਿ ਪਰਿਵਾਰ ਅਤੇ ਸਮਾਜਿਕਤਾ ਹਮੇਸ਼ਾ ਕੇਂਦਰ 'ਤੇ ਰਹੀ ਹੈ। ਇਸ ਕਾਰਨ ਅਤੇ ਇਸ ਕਾਰਨ ਲੋਕਾਂ ਨੇ ਵੱਡੀਆਂ ਰੁਕਾਵਟਾਂ ਨੂੰ ਪਾਰ ਕੀਤਾ ਹੈ। ਇੱਥੇ ਪਰਿਵਾਰ ਕਦੇ ਵੀ ਪਤੀ, ਪਤਨੀ ਅਤੇ ਬੱਚੇ ਦੇ ਸੀਮਤ ਸੰਦਰਭ ਤੱਕ ਸੀਮਤ ਨਹੀਂ ਰਿਹਾ। ਪਰਿਵਾਰ ਦੇ ਸੰਦਰਭ ਵਿੱਚ ਮਾਤਾ-ਪਿਤਾ, ਬੱਚੇ, ਦਾਦਾ-ਦਾਦੀ, ਮਾਸੀ, ਚਾਚਾ-ਚਾਚੀ ਅਤੇ ਉਨ੍ਹਾਂ ਨਾਲ ਸਬੰਧਤ ਸਾਰੇ ਲੋਕ ਹੋਏ ਹਨ। ਵਿਅਕਤੀਵਾਦ ਸਾਡੀਆਂ ਜੜ੍ਹਾਂ ਵਿੱਚ ਨਹੀਂ ਹੈ। ਅਜਿਹੇ ਢਾਂਚਾਗਤ ਭਾਰਤੀ ਸਮਾਜ ਵਿੱਚਵਧ ਰਿਹਾ ਵਿਅਕਤੀਵਾਦ, ਪਰਿਵਾਰ ਦਾ ਵਿਗਾੜ ਅਤੇ ਸਮਾਜਿਕਤਾ ਦੀ ਘਟਦੀ ਭਾਵਨਾ ਖੁਦਕੁਸ਼ੀਆਂ ਦੇ ਵਧਣ ਦੇ ਮੁੱਖ ਕਾਰਨ ਹਨ। ਵਿਅਕਤੀਵਾਦ ਨੂੰ ਵਧਾਉਣ ਵਿੱਚ ਬਾਜ਼ਾਰਵਾਦ ਨੇ ਵੱਡੀ ਭੂਮਿਕਾ ਨਿਭਾਈ ਹੈ। ਕਿਉਂਕਿ ਉਸਦੇ ਫਾਇਦੇ ਇਸ ਵਿੱਚ ਹਨ, ਇਸ ਲਈ ਉਹ ਇਸਨੂੰ ਵੱਧ ਤੋਂ ਵੱਧ ਵਧਾਉਣ ਵਿੱਚ ਰੁੱਝਿਆ ਹੋਇਆ ਹੈ। ਇਸ ਨੇ ਵਿਅਕਤੀ ਅਤੇ ਸਮਾਜ 'ਤੇ ਇਸ ਹੱਦ ਤੱਕ ਹਾਵੀ ਹੋ ਗਿਆ ਹੈ ਕਿ ਲੋਕਾਂ ਨੇ ਇਸ ਦੁਆਰਾ ਪੈਦਾ ਕੀਤੀ ਨਕਲੀਤਾ ਨੂੰ ਸੱਚ ਮੰਨ ਲਿਆ ਹੈ ਅਤੇ ਇਸ ਨੂੰ ਜੀਵਨ ਦਾ ਰਾਹ ਬਣਾ ਲਿਆ ਹੈ। ਸਵੈ-ਕੇਂਦਰਿਤ ਵਿਅਕਤੀ ਛੋਟੀ ਜਿਹੀ ਸਮੱਸਿਆ ਨੂੰ ਵੀ ਵੱਡੀ ਸਮਝਣਾ ਸ਼ੁਰੂ ਕਰ ਦਿੰਦਾ ਹੈ। ਉਹ ਆਪਣੀਆਂ ਭਾਵਨਾਵਾਂ ਨੂੰ ਮੰਨਦਾ ਹੈਦੋਸਤਾਂ ਨਾਲ ਵੀ ਸਾਂਝਾ ਨਹੀਂ ਕਰ ਸਕਦੇ। ਇੱਥੇ ਇਹ ਵੀ ਧਿਆਨ ਦੇਣ ਯੋਗ ਹੈ ਕਿ ਅੱਜ ਲੋਕ ਆਪਣੇ ਆਪ ਵਿੱਚ ਇੰਨੇ ਮਗਨ ਹਨ ਕਿ ਉਨ੍ਹਾਂ ਕੋਲ ਦੂਜਿਆਂ ਦੀਆਂ ਲੋੜਾਂ ਵੱਲ ਧਿਆਨ ਦੇਣ ਦਾ ਸਮਾਂ ਵੀ ਨਹੀਂ ਹੈ। ਅਜਿਹੇ ਰੁਝੇਵਿਆਂ ਵਿੱਚ ਉਹ ਮਾਣ ਮਹਿਸੂਸ ਕਰਦੇ ਹਨ। ਅੱਜਕਲ੍ਹ ਬਹੁਤ ਸਾਰੇ ਲੋਕ ਆਸਾਨੀ ਨਾਲ ਇਹ ਕਹਿੰਦੇ ਹੋਏ ਮਿਲ ਜਾਂਦੇ ਹਨ ਕਿ 'ਮੇਰੇ ਕੋਲ ਇਕ ਪਲ ਦਾ ਸਮਾਂ ਵੀ ਨਹੀਂ ਹੈ'। ਲੋਕਾਂ ਕੋਲ ਆਪਣੇ ਮਾਤਾ-ਪਿਤਾ ਅਤੇ ਹੋਰ ਪਰਿਵਾਰਕ ਮੈਂਬਰਾਂ ਲਈ ਵੀ ਸਮਾਂ ਨਹੀਂ ਹੈ। ਉਹ ਮਹਿੰਗੇ ਤੋਹਫ਼ਿਆਂ, ਮੋਬਾਈਲ ਗੱਲਬਾਤ, ਵੀਡੀਓ ਕਾਲ ਆਦਿ ਰਾਹੀਂ ਇਸ ਦੀ ਭਰਪਾਈ ਕਰਨ ਦੀ ਕੋਸ਼ਿਸ਼ ਕਰਦੇ ਹਨ। ਉਹ ਇਹ ਸਮਝਣ ਦੀ ਕੋਸ਼ਿਸ਼ ਨਹੀਂ ਕਰਦੇ ਕਿ ਉਹਨਾਂ ਦੇਅਜ਼ੀਜ਼ਾਂ ਦੀ ਪਿਆਰੀ ਸੰਗਤ ਮਹਿੰਗੇ ਤੋਹਫ਼ਿਆਂ ਨਾਲੋਂ ਕਿਤੇ ਉੱਤਮ ਹੈ। ਇਕੱਲਤਾ ਬਹੁਤ ਸਾਰੇ ਲੋਕਾਂ ਨੂੰ ਮਾਨਸਿਕ ਤੌਰ 'ਤੇ ਬੀਮਾਰ ਅਤੇ ਕਮਜ਼ੋਰ ਬਣਾ ਦਿੰਦੀ ਹੈ। ਉਨ੍ਹਾਂ ਨੂੰ ਲੱਗਦਾ ਹੈ ਕਿ ਪਰਿਵਾਰ ਨੂੰ ਉਨ੍ਹਾਂ ਦੀ ਕੋਈ ਚਿੰਤਾ ਨਹੀਂ ਹੈ, ਸਗੋਂ ਉਨ੍ਹਾਂ ਦੇ ਪੈਸੇ ਦੀ ਚਿੰਤਾ ਹੈ। ਅਜਿਹੇ 'ਚ ਉਹ ਆਸਾਨੀ ਨਾਲ ਆਤਮਘਾਤੀ ਕਦਮ ਚੁੱਕ ਲੈਂਦੇ ਹਨ। ਬੱਚਿਆਂ ਨੂੰ ਬਚਪਨ ਤੋਂ ਹੀ ਸਾਦਾ, ਕੁਦਰਤੀ ਜੀਵਨ ਜਿਊਣ ਦੀ ਕਲਾ ਸਿਖਾਉਣ ਦੀ ਬਜਾਏ ਉਨ੍ਹਾਂ ਨੂੰ ਨਕਲੀ ਜੀਵਨ ਦਾ ਆਦੀ ਬਣਾਉਣਾ, ਉਨ੍ਹਾਂ ਨੂੰ ਖੇਡਾਂ, ਕੁਦਰਤੀ ਵਾਤਾਵਰਨ, ਦੋਸਤਾਂ ਤੋਂ ਦੂਰ ਲੈ ਕੇ ਉਨ੍ਹਾਂ ਨੂੰ ਸਿੱਧੇ ਜਾਂ ਅਸਿੱਧੇ ਤੌਰ 'ਤੇ ਅਚਨਚੇਤੀ ਮੁਕਾਬਲੇ ਦੇ ਦੌਰ ਵਿੱਚ ਸ਼ਾਮਲ ਹੋਣ ਲਈ ਉਕਸਾਉਣਾ। .ਬੱਚਿਆਂ ਦੇ ਕੋਮਲ ਮਨਾਂ ਵਿੱਚ ਉਨ੍ਹਾਂ ਦੇ ਅਧੂਰੇ ਸੁਪਨਿਆਂ ਦੇ ਬੀਜ ਬੀਜ ਕੇ ਉਨ੍ਹਾਂ ਦੇ ਅਧੂਰੇ ਸੁਪਨਿਆਂ ਨੂੰ ਪੂਰਾ ਕਰਨ ਦੀ ਕੋਸ਼ਿਸ਼ ਕਰਨਾ, ਜਿਸ ਉਮਰ ਵਿੱਚ ਬੱਚੇ ਝੁਲਸਣ ਤੋਂ ਸਭ ਤੋਂ ਵੱਧ ਡਰਦੇ ਹਨ ਅਤੇ ਮਾਪਿਆਂ ਅਤੇ ਬਜ਼ੁਰਗਾਂ ਦੀ ਸੰਗਤ ਦੀ ਸਭ ਤੋਂ ਵੱਧ ਲੋੜ ਹੁੰਦੀ ਹੈ, ਉਨ੍ਹਾਂ ਸਮਿਆਂ ਵਿੱਚ ਉਨ੍ਹਾਂ ਨੂੰ ਵਿਦਾ ਕਰਨਾ। ਪੜ੍ਹਾਈ ਦੇ ਨਾਂ 'ਤੇ ਘਰੋਂ ਨਿਕਲਣਾ ਅਤੇ ਸਮੁੱਚੀ ਇਕੱਲਤਾ ਅੱਜ ਦੇ ਨੌਜਵਾਨਾਂ ਦੇ ਨਸ਼ਿਆਂ ਦੇ ਆਦੀ ਹੋਣ ਦਾ ਮੁੱਖ ਕਾਰਨ ਹਨ। ਅੱਲ੍ਹੜ ਅਵਸਥਾ ਵਿੱਚ ਮਾਪਿਆਂ ਦੀ ਪਿਆਰ ਭਰੀ ਛਾਂ ਦੀ ਸਭ ਤੋਂ ਵੱਧ ਲੋੜ ਹੁੰਦੀ ਹੈ। ਪਰਿਵਾਰਕ ਦੋਸਤਾਨਾ ਸ਼ਬਦ, ਸਹੀ ਸੰਗਤ ਅਤੇ ਬਿਹਤਰ ਵਾਤਾਵਰਣ ਬੱਚਿਆਂ ਦੀ ਕਿਸੇ ਵੀ ਤਰ੍ਹਾਂ ਮਦਦ ਕਰ ਸਕਦਾ ਹੈ।ਤੁਹਾਨੂੰ ਆਪਣੀ ਮਨਚਾਹੀ ਮੰਜ਼ਲਿ ਦੇ ਨੇੜੇ ਵੀ ਲੈ ਜਾ ਸਕਦਾ ਹੈ। ਬਹੁਤ ਸਾਰੇ ਵਿਦਿਅਕ ਅਦਾਰਿਆਂ ਅਤੇ ਸਾਧਨਾਂ ਦੀ ਮੌਜੂਦਗੀ ਦੇ ਬਾਵਜੂਦ ਇਸਦੀ ਘਾਟ ਨਿਰਾਸ਼ਾ ਅਤੇ ਖੁਦਕੁਸ਼ੀ ਵੱਲ ਲੈ ਜਾਂਦੀ ਹੈ। ਕੋਟਾ ਅਤੇ ਇਸ ਤਰ੍ਹਾਂ ਦੀਆਂ ਕਈ ਥਾਵਾਂ 'ਤੇ ਜੇਕਰ ਇਕ ਪਾਸੇ ਸਿੱਖਿਆ ਦਾ ਬਾਜ਼ਾਰ ਹੈ ਤਾਂ ਦੂਜੇ ਪਾਸੇ ਕਾਫੀ ਹੱਦ ਤੱਕ ਨਸ਼ਿਆਂ ਅਤੇ ਹੋਰ ਵਿਕਾਰਾਂ ਦੀ ਕਾਲਾ ਬਾਜ਼ਾਰੀ ਹੈ। ਇੱਕ ਦਾ ਉਦੇਸ਼ ਸਿੱਖਿਆ ਨੂੰ ਇੱਕ ਵਸਤੂ ਬਣਾ ਕੇ ਵੇਚਣਾ ਹੈ, ਜਦਕਿ ਦੂਜੇ ਦਾ ਉਦੇਸ਼ ਨੌਜਵਾਨਾਂ ਨੂੰ ਕਿਸੇ ਨਾ ਕਿਸੇ ਤਰ੍ਹਾਂ ਗੁੰਮ-ਰਾਹ ਕਰਕੇ ਆਪਣਾ ਮਾਲ ਵੇਚਣਾ ਹੈ। ਘਰ-ਪਰਿਵਾਰ ਅਤੇ ਸਨੇਹੀਆਂ ਤੋਂ ਦੂਰ, ਕਈ ਨੌਜਵਾਨ ਬੱਚੇ ਪੜ੍ਹਾਈ ਦੇ ਬੋਝ ਅਤੇ ਅਣਚਾਹੇ ਸੁਪਨਿਆਂ ਦੇ ਬੋਝ ਨਾਲ ਥੱਕੇ ਪਏ ਹਨ, ਇਹ ਭਟਕਣ ਵਾਲੇ ਕਦੋਂ ਬੋਰ ਹੋਣਗੇ?ਵਿਕਾਰਾਂ ਦੇ ਪੰਜੇ ਵਿਚ ਫਸੇ ਹੋਏ ਹਨ, ਉਹਨਾਂ ਨੂੰ ਪਤਾ ਨਹੀਂ ਲੱਗ ਰਿਹਾ। ਅਕਸਰ ਜਦੋਂ ਉਨ੍ਹਾਂ ਨੂੰ ਅਜਿਹੇ ਜਾਲ ਦਾ ਅਹਿਸਾਸ ਹੁੰਦਾ ਹੈ, ਉਦੋਂ ਤੱਕ ਬਹੁਤ ਦੇਰ ਹੋ ਚੁੱਕੀ ਹੁੰਦੀ ਹੈ। ਇਹ ਖੁਦਕੁਸ਼ੀ ਦਾ ਵੱਡਾ ਕਾਰਨ ਬਣ ਜਾਂਦਾ ਹੈ। ਬਹੁਤ ਸਾਰੇ ਬੱਚੇ ਪਰਿਵਾਰ ਦੇ ਦਬਾਅ ਅੱਗੇ ਝੁਕ ਜਾਂਦੇ ਹਨ ਅਤੇ ਅਜਿਹੇ ਵਿਸ਼ਿਆਂ ਦੀ ਚੋਣ ਕਰਦੇ ਹਨ ਜੋ ਉਨ੍ਹਾਂ ਦੀ ਦਿਲਚਸਪੀ ਦੇ ਨਹੀਂ ਹੁੰਦੇ। ਨਤੀਜੇ ਵਜੋਂ, ਸਾਰੀਆਂ ਕੋਸ਼ਿਸ਼ਾਂ ਦੇ ਬਾਵਜੂਦ ਉਹ ਸਫਲ ਨਹੀਂ ਹੁੰਦੇ। ਅਜਿਹੀ ਸਥਿਤੀ ਵਿੱਚ ਅਸਫਲਤਾ ਅਤੇ ਮਾਪਿਆਂ ਦੇ ਸੁਪਨੇ ਲਓ, ਕਈ ਵਾਰ ਪੂਰਾ ਨਾ ਹੋਣ ਦਾ ਡੰਕਾ ਉਨ੍ਹਾਂ ਨੂੰ ਮੌਤ ਦੇ ਮੂੰਹ ਵਿਚ ਲੈ ਜਾਂਦਾ ਹੈ। ਜਦੋਂ ਕਿ ਖੁਦਕੁਸ਼ੀ ਦੇ ਦੁਖਾਂਤ ਨੂੰ ਰੋਕਣ ਦਾ ਮਹੱਤਵਪੂਰਨ ਤਰੀਕਾ ਪਰਿਵਾਰ ਦਾ ਮਜ਼ਬੂਤ ਸਹਾਰਾ ਹੈ। ਇਹ ਮੁਸ਼ਕਲ ਸਥਿਤੀਆਂ ਵਿੱਚ ਲੋਕਾਂ ਦੀ ਮਦਦ ਕਰਦਾ ਹੈ ਇਨ੍ਹਾਂ ਨੂੰ ਬਾਹਰ ਕੱਢ ਕੇ ਸਾਦਾ ਜੀਵਨ ਜਿਊਣ ਦੀ ਤਾਕਤ ਦੇ ਸਕਦਾ ਹੈ।




# ਸਪੀਕਰ ਸੰਧਵਾਂ ਨੇ ਪੰਜਾਬ ਉਰਦੂ ਅਕਾਦਮੀ, ਮਾਲੇਰਕੋਟਲਾ ਦੇ ਸਾਲਾਨਾ ਇਨਾਮ ਵੰਡ ਤੇ ਸਨਮਾਨ ਸਮਾਰੋਹ ਅਤੇ ਰਸਮ-ਏ-ਇਜਰਾਅ ਮੌਕੇ ਕੀਤੀ ਸ਼ਿਰਕਤ

**ਐੱਮ ਐੱਸ ਪੀ ਦੇਣਾ, ਕਿਸਾਨ ਲਈ ਹੀ ਨਹੀਂ ਸਗੋਂ ਦੇਸ਼ ਦੇ ਵਿਕਾਸ ਲਈ ਵੀ ਜ਼ਰੂਰੀ: ਸੰਧਵਾਂ**



ਮਾਲੇਰਕੋਟਲਾ, 25 ਫ਼ਰਵਰੀ (ਗਿਆਨ ਸਿੰਘ): ਪੰਜਾਬ ਉਰਦੂ ਅਕਾਦਮੀ ਮਲੇਰਕੋਟਲਾ ਸਾਡੀ ਇੱਕ ਮਾਣਮੱਤੀ ਸੰਸਥਾ ਹੈ ਜੋ ਕਿ ਭਾਸ਼ਾ ਫਲਾਓ ਲਈ ਸਾਰਥਕ ਉਪਰਾਲੇ ਕਰ ਰਹੀ ਹੈ ਤਾਂ ਜੋ ਨੌਜਵਾਨ ਵਰਗ ਨੂੰ ਆਪਣੀ ਮਿੱਠੀ ਭਾਸ਼ਾ ਉਰਦੂ ਨਾਲ ਜੋੜ ਕੇ ਰੱਖਿਆ ਜਾ ਸਕੇ।

ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਇਕਬਾਲ ਆਡੀਟੋਰੀਅਮ, ਪੰਜਾਬ ਉਰਦੂ ਅਕਾਦਮੀ, ਮਾਲੇਰਕੋਟਲਾ ਦੇ ਸਾਲਾਨਾ ਇਨਾਮ ਵੰਡ ਤੇ ਸਨਮਾਨ ਸਮਾਰੋਹ ਅਤੇ ਰਮਮ-ਏ-ਇਜਰਾਅ(ਮੁੱਖ ਵਿਖਾਈ) ਮੌਕੇ ਕੀਤਾ। ਇਸ ਮੌਕੇ ਉਨ੍ਹਾਂ ਨੇ ਪੰਜਾਬ ਉਰਦੂ ਅਕਾਦਮੀ ਦੇ ਸਰਵਪੱਖੀ ਵਿਕਾਸ ਲਈ 05 ਲੱਖ ਰੁਪਏ ਦੀ ਰਾਸ਼ੀ ਦੇਣ ਦਾ ਐਲਾਨ ਕੀਤਾ। ਇਸ ਮੌਕੇ ਵਿਧਾਇਕ ਮਾਲੇ-ਰਕੋਟਲਾ ਡਾ ਜਮੀਲ ਉਰ ਰਹਿਮਾਨ ਵੀ ਮੌਜੂਦ ਸਨ ।

ਸਪੀਕਰ ਸੰਧਵਾਂ ਨੇ ਕਿਹਾ ਕਿ ਮੁਲਕ ਭਰ ਦੇ ਕਿਸਾਨਾਂ ਵੱਲੋਂ ਸ਼ੁਰੂ ਕੀਤਾ ਗਿਆ ਅੰਦੋਲਨ ਇਕੱਲੇ ਕਿਸਾਨਾਂ ਦੇ ਹਿਤ ਵਿੱਚ ਹੀ ਨਹੀਂ ਸਗੋਂ ਪੂਰੇ ਦੇਸ਼ ਦੇ ਹਿਤ ਵਿੱਚ ਹੈ। ਮਾਲੇ-ਰਕੋਟਲਾ ਵਿਖੇ ਇਕ ਸਮਾਗਮ ਤੋਂ ਬਾਅਦ ਪੱਤਰਕਾਰਾਂ ਨਾਲ ਗੈਰ ਰਸਮੀ ਗੱਲਬਾਤ ਕਰਦਿਆਂ ਉਨ੍ਹਾਂ ਕਿਹਾ ਕਿ ਕੁਝ ਤਾਕਤਾਂ ਵੱਲੋਂ ਕਿਸਾਨਾਂ ਦੀਆਂ ਮੰਗਾਂ ਅਤੇ ਅੰਦੋਲਨ ਨੂੰ ਗ਼ਲਤ ਤਰੀਕੇ ਨਾਲ ਪੇਸ਼ ਕੀਤਾ ਜਾ ਰਿਹਾ ਹੈ। ਜਦਕਿ ਸਚਾਈ ਇਹ ਹੈ ਕਿ ਐੱਮ ਐੱਸ ਪੀ ਦੇਣਾ, ਕਿਸਾਨ ਲਈ ਹੀ ਨਹੀਂ ਸਗੋਂ ਦੇਸ਼ ਦੇ ਵਿਕਾਸ ਲਈ ਵੀ ਜ਼ਰੂਰੀ ਹੈ। ਫ਼ਸਲਾਂ ਦੀ ਐੱਮ.ਐੱਸ.ਪੀ ਬੰਦ ਕਰਕੇ ਅਮਰੀਕਾ ਵਰਗੇ ਦੇਸ਼ ਵੀ ਵਿਕਾਸ ਦੇ ਰਾਹ ਤੋਂ ਭਟਕ ਗਏ ਹਨ। ਇਸ ਲਈ ਇਹ ਜ਼ਰੂਰੀ ਹੈ ਕਿ ਕੇਂਦਰ ਸਰਕਾਰ ਬਿਨਾ ਕਿਸੇ ਦੇਰੀ ਦੇ ਕਿਸਾਨਾਂ ਦੀ ਮੰਗ ਅਨੁਸਾਰ ਫ਼ਸਲਾਂ ਦੀ ਐੱਮ ਐੱਸ ਪੀ ਜਾਰੀ ਕਰੇ। ਉਨ੍ਹਾਂ ਕਿਹਾ ਕਿ ਵੱਡੇ ਘਰਾਣੇ ਕੇਵਲ ਕਿਸਾਨ ਮਜ਼ਦੂਰ ਲਈ ਨਹੀਂ ਸਗੋਂ ਛੋਟੇ ਵਪਾਰੀਆਂ ਲਈ ਵੀ ਬੇਹੱਦ ਖ਼ਤਰਨਾਕ ਹਨ ਕਿਉਂਕਿ ਇੱਕ ਸਧਾਰਨ ਵਪਾਰਿਕ ਅਦਾਰਾ (ਸ਼ਾਪਿੰਗ ਮਾਲ) ਸੈਂਕੜੇ ਹੀ ਛੋਟੇ ਦੁਕਾਨਦਾਰਾਂ ਦਾ ਰੋਜ਼ਗਾਰ ਖੋਹ ਰਿਹਾ ਹੈ। ਇਸ ਲਈ ਜ਼ਰੂਰੀ ਹੈ ਕਿਸਾਨੀ ਅਤੇ ਕਿਸਾਨਾਂ ਨਾਲ ਜੁੜੇ ਸਹਾਇਕ ਧੰਦਿਆਂ ਨੂੰ ਪ੍ਰਫੁਲਿੱਤ ਕੀਤਾ ਜਾਵੇ।

ਹਰਿਆਣਾ ਸਰਕਾਰ ਵੱਲੋਂ ਕਿਸਾਨਾਂ ਉੱਤੇ ਐਨ. ਐਸ. ਏ ਲਗਾਉਣ ਤੋਂ ਬਾਅਦ ਵਿੱਚ ਮੁਕਰ ਜਾਣ ਬਾਰੇ ਪੁੱਛੇ ਜਾਣ ਉੱਤੇ ਉਨ੍ਹਾਂ ਕਿਹਾ ਕਿ ਭਾਜਪਾ ਦੀ ਅਗਵਾਈ ਵਾਲੀ ਹਰਿਆਣਾ ਸਰਕਾਰ ਯੂ ਟਰਨ ਲੈਣ ਵਿੱਚ ਮਾਹਿਰ ਹੈ। ਹਰਿਆਣਾ ਸਰਕਾਰ ਵੱਲੋਂ ਕਿਸਾਨਾਂ ਉੱਤੇ ਐਨ ਐਸ ਏ ਲਗਾਉਣ ਦਾ ਫੈਸਲਾ ਬਹੁਤ ਹੀ ਮੰਦਭਾਗਾ ਸੀ। ਜਿਸ ਨੂੰ ਕਿਸਾਨਾਂ ਦੇ ਨਾਲ ਨਾਲ ਦੇਸ਼ ਦੇ ਨਾਗਰਿਕਾਂ ਨੇ ਵੀ ਸਵੀਕਾਰ ਨਹੀਂ ਕਰਨਾ ਸੀ।

ਵਿਧਾਇਕ ਮਾਲੇਰਕੋਟਲਾ ਡਾ ਜਮੀਲ ਉਰ ਰਹਿਮਾਨ ਨੇ ਕਿਹਾ ਕਿ ਮੌਜੂਦਾ ਪੰਜਾਬ ਸਰਕਾਰ ਉਰਦੂ ਭਾਸ਼ਾ ਦੇ ਪ੍ਰਸਾਰ ਲਈ ਲਗਾਤਾਰ ਉਪਰਾਲੇ ਕਰ ਰਹੀ ਹੈ। ਵਿੱਤੀ ਸਾਲ 2023-24 ਦੇ ਬਜਟ ਵਿੱਚ ਪੰਜਾਬ ਉਰਦੂ ਅਕਾਦਮੀ ਅਤੇ ਉਰਦੂ ਭਾਸ਼ਾ ਦੇ ਪ੍ਰਸਾਰ ਲਈ ਕਰੀਬ 02 ਕਰੋੜ 23 ਲੱਖ ਰੁਪਏ ਦਾ ਬਜਟ ਦਾ ਉਪਬੰਧ ਕੀਤਾ ਗਿਆ ਸੀ। ਪੰਜਾਬ ਦੇ 08 ਜ਼ਿਲ੍ਹਿਆਂ ਵਿੱਚ ਭਾਸ਼ਾ ਲਈ ਮਰਕਜ਼ ਸ਼ੁਰੂ ਕੀਤੇ ਗਏ ਜੋ ਕਿ ਇੱਕ ਸਲਾਘਾਯੋਗ ਉਪਰਾਲਾ ਹੈ ।ਉਨ੍ਹਾਂ ਕਿਹਾ ਕਿ ਰੰਗਲਾ ,ਸ਼ਹੀਦਾ ਦੇ ਸੁਪਨਿਆ ਦਾ ਪੰਜਾਬ ਬਣਾਉਂਣ ਲਈ ਸਮਾਜ ਨੂੰ ਨਸ਼ਾਬੰਦੀ ਵੱਲ ਪ੍ਰੇਰਿਤ ਕਰਨ ਲਈ ਦੋ ਰੋਜਾ ਕਵਿ ਦਰਬਾਰ ਦਾ ਆਯੋਜਨ ਕੀਤਾ ਗਿਆ ਸੀ ।ਭਵਿੱਖ ਵਿੱਚ ਪੰਜਾਬੀ ਨੂੰ ਨਸ਼ੇ ਵਿਰੁੱਧ ਲਾਮਵੰਦ ਕਰਨ ਲਈ ਅਜਿਹੇ ਸੈਮੀਨਾਰ,ਕਵਿ ਦਰਬਾਰ ਕਰਵਾਏ ਜਾਣਗੇ ।


ਇਸ ਮੌਕੇ ਉਨ੍ਹਾਂ ਆਜੀਵਨ ਉਪਲਬਧੀ ਪੁਰਸਕਾਰ ਦੇ ਨਾਲ ਜਨਾਬ ਕਰਨੈਲ ਸਿੰਘ 'ਸਰਦਾਰ ਪੰਛੀ' ਨੂੰ ਇੱਕ ਲੱਖ 50 ਹਜ਼ਾਰ ਰੁਪਏ, ਸ਼ਾਲ ਅਤੇ ਸਨਮਾਨ ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ । ਇਸ ਤੋਂ ਇਲਾਵਾ ਸਆਦਤ ਹਸਨ ਮੰਟੋ ਉਰਦੂ ਨਸਰ ਐਵਾਰਡ ਮੁਹੰਮਦ ਬਸ਼ੀਰ ਨੂੰ,ਕ੍ਰਿਸ਼ਨ ਚੰਦਰ ਉਰਦੂ ਨਸਰ ਐਵਾਰਡ ਡਾ ਰੇਨੂੰ ਬਹਿਲ ਨੂੰ ,ਰਾਜਿੰਦਰ ਸਿੰਘ ਬੇਦੀ ਉਰਦੂ ਨਸਰ ਐਵਾਰਡ ਡਾ ਅਨਵਾਰ ਅਹਿਮਦ ਅਨਸਾਰੀ ਨੂੰ, ਕੰਵਰ-ਮਹਿੰਦਰ ਸਿੰਘ ਬੇਦੀ ਸ਼ਾਇਰੀ ਐਵਾਰਡ ਖ਼ੁਸ਼ਬੀਰ ਸਿੰਘ ਸ਼ਾਦ,ਤਰਲੋਕ ਚੰਦ ਮਹਿਰੂਮ ਉਰਦੂ ਸ਼ਇਰੀ ਐਵਾਰਡ ਅੰਜੁਮ ਕਾਦਰੀ ਨੂੰ ਅਤੇ ਅੱਲਾਮਾ ਇਕਬਾਲ ਉਰਦੂ ਸ਼ਾਇਰੀ ਐਵਾਰਡ ਡਾ ਨਦੀਮ ਅਹਿਮਦ ਨੂੰ 50-50 ਹਜ਼ਾਰ ਰੁਪਏ ,ਸ਼ਾਲ ਅਤੇ ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ । ਇਸ ਤੋਂ ਇਲਾਵਾ ਇਸ ਮੌਕੇ ਪੰਜਾਬ ਉਰਦੂ ਅਕਾਦਮੀ ਵੱਲੋਂ ਪ੍ਰਕਾਸ਼ਤਿ ਪੁਸਤਕਾਂ ਦੀ ਰਸਮ-ਏ- ਇਜਰਾਅ) ਮੁੱਖ ਵਿਖਾਈ ਕੀਤੀ ਗਈ । ਇਸ ਉਪਰੰਤ ਉਨ੍ਹਾਂ ਇਸ ਸਮਾਗਮ ਵਿੱਚ ਅਕੈਡਮੀ ਦੀ ਵਿੱਤੀ ਸਹਾਇਤਾ ਨਾਲ ਸਾਹਿਤਕ ਸਮਾਗਮਾਂ ਦਾ ਆਯੋਜਨ ਕਰਨ ਵਾਲੀਆਂ ਸਭਾ-ਸੁਸਾਇਟੀਆਂ ,ਪੰਜਾਬ ਦੀਆਂ ਸਾਰੀਆਂ ਯੂਨੀਵਰਸਿਟੀਆਂ ਅਤੇ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਸਕੂਲਾਂ ਵਿੱਚ ਉਰਦੂ ਵਿਸ਼ੇ ਵਿੱਚ ਤਾਮਿਲ ਹਾਸਲ ਕਰ ਰਹੇ ਵਿਦਿਆਰਥੀਆਂ ਨੂੰ ਨਗਦ ਇਨਾਮ ਤਕਸੀਮ ਕਰਕੇ ਸਨਮਾਨਿਤ ਕੀਤਾ ਗਿਆ।

ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ (ਡੀ) ਸ੍ਰੀ ਹਰਬੰਸ ਸਿੰਘ, ਡੀ.ਐਸ.ਪੀ.ਸਕੱਤਰ ਪੰਜਾਬ ਉਰਦੂ ਅਕਾਦਮੀ ਡਾ ਰਣਜੋਧ ਸਿੰਘ, ਮੈਂਬਰ ਪੰਜਾਬ ਗਊ ਸੇਵਾ ਕਮਿਸ਼ਨ ਸ੍ਰੀ ਅਮਿਤ ਜੈਨ, ਸ੍ਰੀ ਗੋਬਿੰਦ ਮਿੱਤਲ ਤੋਂ ਇਲਾਵਾ ਹੋਰ ਪਤਵੰਤੇ ਮੌਜੂਦ ਸਨ।



# 'ਸੱਧਰਾਂ ਭਰਿਆ ਸੰਦੂਕ'

ਆਪਣੇ ਛੋਟੇ ਭਰਾ ਗੁਰਮੇਲ ਸਿੰਘ ਰਾਹੀਂ ਮੈਨੂੰ ਡਾ.ਅਜੀਤਪਾਲ ਸਿੰਘ ਦੀਆਂ ਕਹਾਣੀਆਂ ਅਤੇ ਕਵਿਤਾਵਾਂ ਦਾ ਸਾਂਝਾ ਸੰਗ੍ਰਹਿ " ਸੱਧਰਾਂ ਭਰਿਆ ਸੰਦੂਕ" ਪੁਸਤਕ ਮਿਲੀ ਇਸ ਨਾਮ ਤੋਂ ਪਹਿਲਾਂ ਮੈਂ ਦੋ ਹੋਰ ਡਾ.ਅਜੀਤਪਾਲ ਸਿੰਘ ਨਾਮ ਦੇ ਵਿਦਵਾਨਾਂ ਨੂੰ ਜਾਣਦਾ ਹਾਂ ਪਰ ਡਾ.ਅਜੀਤਪਾਲ ਸਿੰਘ ਪੀ.ਐਚ.ਡੀ, ਐਮ.ਐਸ.ਸੀ (ਹਿਊਮਨ ਬਾਇਉਲੋਜੀ) ਦੀਆਂ ਡਿਗਰੀਆਂ ਅਤੇ ਮਾਨ-ਸਨਮਾਨ ਪੜ੍ਹ ਕੇ ਹੈਰਾਨ ਰਹਿ ਗਿਆ ਪਹਿਲੀ ਵਾਰ ਮੈਂ ਉਸ ਦੀਆਂ ਕਹਾਣੀਆਂ ਅਤੇ ਕਵਿਤਾਵਾਂ ਦੇ ਰੂਬਰੂ ਹੋਇਆ ਹਾਂ ਇਸ ਪੁਸਤਕ ਵਿਚ ਛਪੀਆਂ ਸਭ ਕਹਾਣੀਆਂ , ਚਾਹੇ "ਮਾਂ ਦਿਵਸ ਮੁਬਾਰਕ" ਹੋਵੇ ਜਾਂ " ਲੱਸੀ ਵਾਲਾ ਡੋਲੂ" ਹੋਵੇ ਜਾਂ "ਜ਼ਿੰਦਗੀ ਦੇ ਗ਼ੁਬਾਰੇ", "ਵਾਲੀਆਂ", "ਸੰਧਾਰਾ" ਜਾਂ "ਖ਼ੈਰ ਸੁਖ" ਹੋਵੇ, ਇਹ ਕਹਾਣੀਆਂ ਇਸ ਕਥਨ ਦੀ ਗਵਾਹੀ ਭਰਦੀਆਂ ਹਨ ਕਿ ਡਾ.ਅਜੀਤਪਾਲ ਸਿੰਘ ਨੂੰ ਪੇਂਡੂ ਸੁਭਾਵ ਦੀ, ਪੇਂਡੂ ਜੀਵਨ ਦੀ ਤੇ ਪੇਂਡੂ ਸਭਿਆਚਾਰ ਦੀ ਬਾਖ਼ੂਬੀ ਸਮਝ ਹੈ ਤੇ ਇਹਨਾਂ ਨੂੰ ਸ਼ਬਦਾਂ ਰਾਹੀਂ ਪ੍ਰਗਟਾਉਣ ਦੀ ਜਾਂਚ ਵੀ ਹੈ ਇਹਨਾਂ ਕਹਾਣੀਆਂ ਵਿਚ ਪੇਸ਼ ਨਿੱਕੀਆਂ ਨਿੱਕੀਆਂ ਤੇ ਸਾਧਾਰਨ ਘਟਨਾਵਾਂ ਵਿਚ ਵੱਡੇ ਸਮਾਜਿਕ ਅਰਥ ਸਮੋਏ ਹੋਏ ਹਨ ਅੱਜ ਦੇ ਦੌਰ ਵਿਚ ਪਰਿਵਾਰਕ ਰਿਸ਼ਤੇ ਤਿੜੱਕ ਰਹੇ ਹਨ ਤੇ ਓਹਨਾ ਵਿਚ ਨਿਘਾਰ ਆ ਰਹੇ ਹਨ ਅਜੀਤਪਾਲ ਨੇ ਬੜੀ ਸਫਲਤਾ ਨਾਲ ਇਹਨਾਂ ਨੂੰ ਆਪਣੀਆਂ ਕਹਾਣੀਆਂ ਵਿਚ ਪੇਸ਼ ਕੀਤਾ ਹੈ ਇਹਨਾਂ ਕਹਾਣੀਆਂ ਦੀ ਇਹ ਖ਼ੂਬਸੂਰਤੀ ਹੈ ਕਿ ਇਹ ਮਾਨਵੀ ਸਰੋਕਾਰ ਦੀ ਗਵਾਹੀ ਭਰਦੀਆਂ ਹਨ




ਕਹਾਣੀਆਂ ਸਹਿਜ ਰੂਪ ਵਿਚ, ਸਰਲ ਭਾਸ਼ਾ ਵਿਚ ਤੇ ਸੰਜਮਤਾ ਨਾਲ ਬਿਆਨੀਆ ਗਈਆਂ ਹਨ, ਇਹਨਾਂ ਵਿਚ ਸੰਵੇਦਨਾ ਵੀ ਹੈ ਤੇ ਸੁਹਿਰਦਤਾ ਵੀ

ਇਸ ਪੁਸਤਕ ਦੇ ਅਖੀਰ ਵਿਚ ਕਵਿਤਾਵਾਂ ਵੀ ਦਰਜ਼ ਹਨ ਚੇਤ-ਅਚੇਤ ਸੰਤੁਲਨ ਬਣਾ ਰੱਖਿਆ ਹੈ, ੧੦ ਕਹਾਣੀਆਂ ਹਨ, 10 ਹੈ ਕਵਿਤਾਵਾਂ ਹਨ ਇਹਨਾਂ ਕਹਾਣੀਆਂ ਕਵਿਤਾਵਾਂ ਤੋਂ ਇਹ ਆਭਾਸ ਹੁੰਦਾ ਹੈ, ਡਾ. ਅਜੀਤਪਾਲ ਸਿੰਘ ਕੋਲ ਘਟਨਾਵਾਂ ਨੂੰ ਵੇਖਣ ਅਤੇ ਮਨੁੱਖੀ ਮਨ ਨੂੰ ਪੈੜਾਂ ਲਈ ਸੰਵੇਦਨਸ਼ੀਲਤਾ ਅਤੇ ਸੂਖਸ਼ਮਤਾ ਦਾ ਹੁਨਰ ਹੈ " ਸੱਧਰਾਂ ਭਰਿਆ ਸੰਦੂਕ " ਪੁਸਤਕ ਦੇ ਪਾਠਕ ਭਰਪੂਰ ਹੁੰਗਾਰਾ ਭਰਨਗੇ ਇਹ ਮੈਨੂੰ ਉਮੀਦ ਹੈ ਮੈਂ ਸਾਹਿਤ ਦੇ ਖੇਤਰ ਵਿਚ, ਡਾ.ਅਜੀਤਪਾਲ ਸਿੰਘ ਦੇ ਉਜਲੇ ਭਵਿੱਖ ਦੀ ਕਾਮਨਾ ਕਰਦਾ ਹਾਂ

-ਬਲਦੇਵ ਸਿੰਘ (ਸੜਕਨਾਮਾ)

ਸੱਧਰਾਂ ਭਰਿਆ ਸੰਦੂਕ
ਲੇਖਕ : ਡਾ.ਅਜੀਤਪਾਲ ਸਿੰਘ
ਪ੍ਰਕਾਸ਼ਕ ੲਥਰਜ਼ ਪ੍ਰੈਸ ਨਵੀਂ ਦਿੱਲੀ,
ਮੁੱਲ : 295 ਰੁਪਏ,
ਸਫੇ - 96





